ਕੈਨੇਡੀਅਨ

# ਪੰਜਾਬੀ ਪੋਸਟ

*Award winning news paper* | Canadian Punjabi Post

Vol 17 * Issue 215

Daily Newspaper Monday, November 12, 2018

Tel: 905-793-2202 Fax: 905-793-2282 news@punjabipost.ca


## ਰਾਸ਼ਟਰਵਾਦੀ ਆਗੂਆਂ ਤੋਂ ਕੌਮਾਂਤਰੀ ਸ਼ਾਂਤੀ ਨੂੰ ਖਤਰਾ : ਟਰੂਡੋ

ਪੈਰਿਸ, 11 ਨਵੰਬਰ (ਪੋਸਟ ਬਿਊਰੋ) : ਪਹਿਲੀ ਵਿਸ਼ਵ ਜੰਗ ਦੇ ਖਤਮ ਹੋਣ ਦੇ ਅੰਤਰਰਾਸ਼ਟਰੀ ਯਾਦਗਾਰੀ ਸਮਾਰੋਹ ਮੌਕੇ ਕੌਮਾਂਤਰੀ ਆਗੂਆਂ ਨੇ ਖੁਦ ਨੂੰ ਰਾਸ਼ਟਰਵਾਦੀ ਅਖਵਾਉਣ ਵਾਲੇ ਸਿਆਸਤਦਾਨਾਂ ਵੱਲੋਂ ਸ਼ਾਂਤੀ ਨੂੰ ਦਰਪੇਸ਼ ਖਤਰਿਆਂ ਤੋਂ ਜਾਣੂ ਕਰਵਾਇਆ। ਇਹ ਸੁਨੇਹਾ ਉਚੇਚੇ ਤੌਰ ਉੱਤੇ ਅਮਰੀਕਾ ਦੇ ਰਾਸ਼ਟਰਪਤੀ ਨੂੰ ਧਿਆਨ ਵਿੱਚ ਰੱਖ ਕੇ ਦਿੱਤਾ ਗਿਆ।



ਫਰਾਂਸ ਦੇ ਰਾਸ਼ਟਰਪਤੀ ਨੇ ਆਪਣੇ ਬਿਆਨ ਵਿੱਚ ਆਖਿਆ ਕਿ ਰਾਸ਼ਟਰਵਾਦੀ ਆਗੂ ਆਪਣੇ ਨਿਜੀ ਹਿਤਾਂ ਨੂੰ ਪਹਿਲ ਦਿੰਦੇ ਹਨ ਤੇ ਦੇਸ਼ ਦੀਆਂ ਕਦਰਾਂ ਕੀਮਤਾਂ ਨੂੰ ਦਾਅ ਉੱਤੇ ਲਾਉਣ ਤੋਂ ਵੀ ਨਹੀਂ ਉੱਕਦੇ। ਉਨ੍ਹਾਂ ਦੇ ਅਜਿਹੇ ਫੈਸਲਿਆਂ ਦਾ ਦੂਜਿਆਂ ਉੱਤੇ ਕੀ ਅਸਰ ਹੁੰਦਾ ਹੈ ਉਹ ਇਸ ਦੀ ਵੀ ਪਰਵਾਹ ਨਹੀਂ ਕਰਦੇ। ਇਸ ਦੌਰਾਨ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਵੋਟਰਾਂ ਨੂੰ ਹੋਸ਼ ਤੋਂ ਕੰਮ ਲੈਣਾ ਚਾਹੀਦਾ ਹੈ ਤੇ ਬਲੀ ਦਾ ਬੱਕਰਾ ਨਹੀਂ ਬਣਨਾ ਚਾਹੀਦਾ।

ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਪਿਛਲੇ ਹਫਤਿਆਂ ਵਿੱਚ ਖੁਦ ਨੂੰ ਰਾਸ਼ਟਰਵਾਦੀ ਆਗੂ ਦੱਸਿਆ ਸੀ। ਇਸ ਦੌਰਾਨ ਅਮਰੀਕਾ ਵਿੱਚ ਹੋਈਆਂ ਮਿੱਡਟਰਮ ਚੋਣਾਂ ਤੋਂ ਬਾਅਦ ਮੀਡੀਆ ਵੱਲੋਂ ਜਾਰੀ ਖਬਰਾਂ ਨੂੰ ਵੀ ਟਰੰਪ ਨੇ ਜਾਅਲੀ ਖਬਰਾਂ ਦੱਸਿਆ ਸੀ ਤੇ ਮੀਡੀਆ ਦੀ ਨੁਕਤਾਚੀਨੀ ਕੀਤੀ ਸੀ। ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਨ ਵੱਲੋਂ ਆਯੋਜਿਤ ਸ਼ਾਂਤੀ ਫੋਰਮ ਵਿੱਚ ਬੋਲਦਿਆਂ ਟਰੂਡੋ ਨੇ ਆਖਿਆ ਕਿ ਕੁੱਝ ਆਗੂ ਪ੍ਰੈੱਸ ਉੱਤੇ ਹਮਲਾ ਕਰਕੇ ਆਪਣੀ ਝੁੰਝਲਾਹਟ ਤੇ ਬੌਖਲਾਹਟ ਉੱਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰਦੇ ਹਨ। ਇਸ ਦੇ ਨਾਲ ਹੀ ਨੌਕਰੀਆਂ ਦੇ ਸਵੈਚਾਲਨ ਸਬੰਧੀ ਘਬਰਾਹਟ, ਕੌਮਾਂਤਰੀ ਵਪਾਰ ਨੂੰ ਸੱਟ ਮਾਰਨ ਤੇ ਅਜਿਹੇ ਅਦਾਰਿਆਂ ਵਿੱਚ ਸਾਡੇ ਭਰੋਸੇ ਨੂੰ ਘਟਾਉਣ ਦੀ ਵੀ ਕੋਸ਼ਿਸ਼ ਅਜਿਹੇ ਆਗੂਆਂ ਵੱਲੋਂ ਕੀਤੀ ਜਾਂਦੀ ਹੈ।

ਟਰੂਡੋ ਨੇ 150 ਦੇ ਲੱਗਭਗ ਲੋਕਾਂ ਦੇ ਇੱਕਠ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਮੀਡੀਆ ਉੱਤੇ ਹਮਲਾ ਆਪਣੇ ਮਨਪਸੰਦ ਸਿਆਸੀ ਉਮੀਦਵਾਰ ਨੂੰ ਜਿਤਾਉਣ ਲਈ ਵੀ ਕੀਤਾ ਜਾਂਦਾ ਹੈ।

...ਬਾਕੀ ਪੰਨਾ 6 'ਤੇ

## ਬੇਅਦਬੀ ਘਟਨਾਵਾਂ ਦੀ ਵਿਸ਼ੇਸ਼ ਜਾਂਚ ਟੀਮ ਵੱਲੋਂ ਦੋਵੇਂ ਬਾਦਲਾਂ ਤੇ ਅਕਸ਼ੈ ਕੁਮਾਰ ਨੂੰ ਸੰਮਨ ਜਾਰੀ

### * ਵੱਡੇ ਬਾਦਲ ਨੂੰ 16 ਨਵੰਬਰ, ਸੁਖਬੀਰ ਨੂੰ 19 ਨੂੰ ਸੱਦਿਆ ਗਿਆ

ਚੰਡੀਗੜ੍ਹ, 11 ਨਵੰਬਰ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਅਤੇ ਇਸ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਾਲ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਬਾਲੀਵੁਡ ਦੇ ਪ੍ਰਮੁੱਖ ਐਕਟਰ ਅਕਸ਼ੈ ਕੁਮਾਰ ਨੂੰ ਅੱਜ ਉਸ ਵੇਲੇ ਤਕੜਾ ਝਟਕਾ ਲੱਗਾ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਾਲੀਆਂ ਤਿੰਨ ਸਾਲ ਪਹਿਲਾਂ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡਾਂ ਦੀ ਜਾਂਚ ਕਰ ਰਹੀ ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਨੇ ਉਨ੍ਹਾਂ ਨੂੰ ਪੇਸ਼ ਹੋਣ ਲਈ ਸੰਮਨ ਜਾਰੀ ਕਰ ਦਿੱਤੇ। ਜਾਂਚ ਟੀਮ (ਸਿੱਟ) ਵਲੋਂ ਪੰਜਾਬ ਪੁਲੀਸ ਦੇ ਉਸ ਵਕਤ ਦੇ ਮੁਖੀ (ਡੀ ਜੀ ਪੀ) ਸੁਮੇਧ ਸਿੰਘ ਸੈਣੀ ਨੂੰ ਵੀ ਸੰਮਨ ਜਾਰੀ ਹੋਣ ਦੀ ਸੰਭਾਵਨਾ ਹੈ।



ਇਸ ਬਾਰੇ ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 16 ਨਵੰਬਰ, ਸੁਖਬੀਰ ਸਿੰਘ ਬਾਦਲ ਨੂੰ 19 ਨਵੰਬਰ ਤੇ ਫਿਲਮ ਸਟਾਰ ਅਕਸ਼ੈ ਕੁਮਾਰ ਨੂੰ 21 ਨਵੰਬਰ ਨੂੰ ਅੰਮ੍ਰਿਤਸਰ ਦੇ ਸਰਕਿਟ ਹਾਊਸ ਵਿਖੇ ਜਾਂਚ ਟੀਮ ਅੱਗੇ ਪੇਸ਼ ਹੋਣ ਨੂੰ ਕਿਹਾ ਹੈ। ਇਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਇਨ੍ਹਾਂ ਨੇ ਡੇਰਾ ਸੱਚਾ ਸੌਦਾ ਦੇ ਮੁਖੀ ਦੀ ਫਿਲਮ ਰਿਲੀਜ਼ ਕਰਾਉਣ ਵਿਚ ਹਿੱਸਾ ਪਾਇਆ ਸੀ। ਵਿਸ਼ੇਸ਼ ਜਾਂਚ ਟੀਮ ਨੇ ਜਾਰੀ ਕੀਤੇ ਸੰਮਨਾਂ ਵਿਚ ਕਿਹਾ ਹੈ ਕਿ ਇਨ੍ਹਾਂ ਤਿੰਨਾਂ ਤੋਂ ਬਰਗਾੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਨਾਲ ਬਹਿਬਲ ਕਲਾਂ ਅਤੇ ਕੋਟਕਪੂਰਾ ਵਿੱਚ ਹੋਏ ਗੋਲੀ ਕਾਂਡ ਬਾਰੇ ਪੁੱਛਗਿਛ ਕੀਤੀ ਜਾਵੇਗੀ। ਇਹ ਸੰਮਨ ਭਾਰਤ ਦੇ ਸੀ ਆਰ ਪੀ ਸੀ ਕਾਨੂੰਨ ਦੀ ਧਾਰਾ 160 ਹੇਠ ਭੇਜੇ ਗਏ ਹਨ, ਜਿਸ ਹੇਠ ਸਬੰਧਤ ਵਿਅਕਤੀਆਂ ਦਾ ਪੇਸ਼ ਹੋਣਾ ਜ਼ਰੂਰੀ ਹੁੰਦਾ ਹੈ।

ਵਰਨਣ ਯੋਗ ਹੈ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਵੀ ਆਪਣੀ ਜਾਂਚ ਰਿਪੋਰਟ ਵਿਚ ਅਕਾਲੀ-ਭਾਜਪਾ ਦੀ ਅਗਵਾਈ ਵਾਲੀ ਪਿਛਲੀ ਸਰਕਾਰ ਦੀ ਸਿਖਰਲੀ ਲੀਡਰਸ਼ਿਪ ਵੱਲ ਉਂਗਲ ਉਠਾਈ ਸੀ, ਇਸ ਲਈ ਜਾਂਚ ਟੀਮ ਵਲੋਂ ਸੱਦੇ ਗਏ ਲੋਕਾਂ ਤੋਂ ਗੋਲੀ ਚਲਾਉਣ ਦੇ ਹੁਕਮ ਦੇਣ ਅਤੇ ਬੇਅਦਬੀ ਨਾਲ ਜੁੜੇ ਮਾਮਲਿਆਂ ਬਾਰੇ ਸਵਾਲ ਪੁੱਛੇ ਜਾ ਸਕਦੇ ਹਨ।

...ਬਾਕੀ ਪੰਨਾ 6 'ਤੇ

## ਬਿੱਲ 47 ਖਿਲਾਫ ਵਿਦਿਆਰਥੀਆਂ ਨੇ ਜਤਾਇਆ ਰੋਸ

ਓਨਟਾਰੀਓ, 11 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਹੀ ਕੈਨੇਡਾ ਦਾ ਅਜਿਹਾ ਪ੍ਰੋਵਿੰਸ ਹੈ ਜਿੱਥੇ ਨੌਜਵਾਨਾਂ ਕਾਮਿਆਂ ਦੀਆਂ ਘੱਟ ਤੋਂ ਘੱਟ ਉਜਰਤਾਂ ਬਾਲਗਾਂ ਲਈ ਮਿਥੀਆਂ ਗਈਆਂ ਉਜਰਤਾਂ ਤੋਂ ਸੱਭ ਤੋਂ ਘੱਟ ਹਨ।




12 ਜਮਾਤ ਵਿੱਚ ਪੜ੍ਹਨ ਵਾਲੀ ਤਮਾਰਾ ਥਾਨਾਰਾਜ ਨੂੰ ਇਸ ਗੱਲ ਦੀ ਕੋਈ ਖੁਸ਼ੀ ਨਹੀਂ ਹੈ ਕਿ ਇਨ੍ਹਾਂ ਉਜਰਤਾਂ ਵਿੱਚ ਹੁਣ ਨੇੜ ਭਵਿੱਖ ਵਿੱਚ ਕੋਈ ਵਾਧਾ ਨਹੀਂ ਕੀਤਾ ਜਾਵੇਗਾ। ਸ਼ੁੱਕਰਵਾਰ ਨੂੰ ਬਿੱਲ 47 ਦੇ ਵਿਰੋਧ ਵਿੱਚ ਯੰਗ ਤੇ ਬਲੂਰ ਸਟਰੀਟ ਉੱਤੇ ਇੱਕਠੇ ਹੋਏ 30 ਦੇ ਲੱਗਭਗ ਵਿਦਿਆਰਥੀਆਂ ਵਿੱਚੋਂ ਤਮਾਰਾ ਵੀ ਇੱਕ ਸੀ। ਬਿੱਲ 47 ਜੇ ਪਾਸ ਹੋ ਜਾਂਦਾ ਹੈ ਤਾਂ ਸਾਧਾਰਨ ਘੱਟ ਤੋਂ ਘੱਟ ਉਜਰਤਾਂ ਤੇ ਵਿਦਿਆਰਥੀਆਂ ਲਈ ਸਬਮਿਨਿਮਮ ਭੱਤਿਆਂ ਵਿੱਚ ਕੋਈ ਵਾਧਾ ਨਹੀਂ ਹੋਵੇਗਾ।

ਤਮਾਰਾ ਨੇ ਆਖਿਆ ਕਿ ਇਸ ਸਮੇਂ ਕਈ ਲੋਕਾਂ, ਖਾਸ ਤੌਰ ਉੱਤੇ ਮਾਪਿਆਂ ਕੋਲ ਰੋਜ਼ਮੱਰਾ ਦੀ ਜ਼ਿੰਦਗੀ ਬਸਰ ਕਰਨ ਲਈ ਘੱਟ ਤੋਂ ਘੱਟ ਉਜਰਤ ਪੂਰੀ ਨਹੀਂ ਪੈਂਦੀ। ਇਸੇ ਲਈ ਬਹੁਤ ਸਾਰੇ ਨੌਜਵਾਨਾਂ ਨੂੰ ਕੰਮ ਕਰਨਾ ਪੈਂਦਾ ਹੈ। ਤਮਾਰਾ ਸਕਾਰਬੌਰੋ ਅਕੈਡਮੀ ਆਫ ਟੈਕਨਾਲੋਜੀ, ਐਨਵਾਇਰਮੈਂਟਲ ਐਂਡ ਕੰਪਿਊਟਰ ਐਜੂਕੇਸ਼ਨ ਤੋਂ ਪੜ੍ਹਾਈ ਕਰ ਰਹੀ ਹੈ। ਬਿੱਲ 47 ਤਹਿਤ ਘੱਟ ਤੋਂ ਘੱਟ ਉਜਰਤ ਘੰਟੇ ਦੇ 14 ਡਾਲਰ ਹੀ ਰੱਖੀ ਜਾਵੇਗੀ ਤੇ ਪਹਿਲੀ ਜਨਵਰੀ ਤੋਂ ਇਸ ਵਿੱਚ ਹੋਣ ਜਾ ਰਹੇ ਵਾਧੇ ਨੂੰ ਰੱਦ ਕਰ ਦਿੱਤਾ ਜਾਵੇਗਾ। ਇਸ ਦੌਰਾਨ ਵਿਦਿਆਰਥੀਆਂ ਦੇ ਭੱਤਿਆਂ ਵਿੱਚ 13.15 ਡਾਲਰ ਤੋਂ 14.10 ਡਾਲਰ ਦੇ ਹੋਣ ਜਾ ਰਹੇ ਵਾਧੇ ਨੂੰ ਵੀ ਖਤਮ ਕਰ ਦਿੱਤਾ ਜਾਵੇਗਾ।


Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit. And who is 49 years old or younger. By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat, Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME, AUTO, BUSINESS, TRUCKING, R.E.S.P, COMMERCIAL
CONNEX
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga | Axxel Insurance Brokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

FREE Examination 5yrs follow you up
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd. Axxel Financial Services Ltd.
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill, Certified & Licenced Exterminator
647.990.3205

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Canada Consumer Credit Assistance
ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal, Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu, Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya, Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan, Certified Instructor

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL (Government Approved Licensed Technician)
416 938 4598

KELLEY LAW OFFICE
AREA OF PRACTICE
Immigration
Real Estate
Family Law
Business Closing
Corporate
Wills & Estate
Power of Attorney/Affidavit / Attestations
SHINDER KELLEY, Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ ।

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons, Cockroaches, Centipedes, Flea, Hornets, Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

# ASIAN FOOD CENTRE



SERVING FROM 10 LOCATIONS
IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



chatr MOBILE

LIMITED TIME OFFER

6GB OF DATA
FOR ONLY
$45/MO.

NO OVERAGE CHARGES IN-ZONE

LET'S GET GOING
CHATRMOBILE.COM

VISIT OUR LOCATION TODAY!

379 MAIN ST. N., BRAMPTON, (905) 451-0379 | 2456 LAKE SHORE BLVD W., (416) 259-3654

chatr AUTHORIZED DEALER

Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

## ਅੱਜ ਨਾਮਾ

ਬ੍ਰਹਮਪੁਰਾ ਵੀ ਅੰਤ ਵਿੱਚ ਬਾਹਰ ਕੀਤਾ,
ਕਰ ਲਿਆ ਫੈਸਲਾ ਧੜੇ ਸੁਖਬੀਰ ਦੇ ਨੇ।
ਚੰਡੀਗੜ੍ਹ ਦੇ ਵਿੱਚ ਇਹ ਕਰੀ ਮੀਟਿੰਗ,
ਲੀਡਰ ਪੁੱਜੇ ਕਈ ਭੀੜਾਂ ਨੂੰ ਚੀਰਦੇ ਨੇ।
ਜੇਲ੍ਹਾਂ ਕੱਟਦਿਆਂ ਜਿਨ੍ਹਾਂ ਦੀ ਉਮਰ ਬੀਤੀ,
ਫਿਰਦੇ ਬਾਬੇ ਕਈ ਮਗਰ ਮੁੰਡ੍ਹੀਰ ਦੇ ਨੇ।
ਦੇਂਦੇ ਚੁੱਕਣਾ ਜਿਹੜੇ ਸੁਖਬੀਰ ਸੌਂਹ ਨੂੰ,
ਨਿਭਣ ਵਾਲੇ ਨਹੀਂ ਯਾਰ ਅਖੀਰ ਦੇ ਨੇ।
ਜਿਹੜੇ ਬਾਪੂ ਦੇ ਕਦੀ ਨਾ ਬਣੇ ਸੀ ਗੇ,
ਉਹੀ ਪੁੱਤਰ ਦੇ ਬਣਨ ਆ ਖਾਸ ਲੱਗੇ।
ਵਾਰੋ-ਵਾਰੀ ਟਕਸਾਲੀਏ ਕਰਨ ਛਾਂਟੀ,
ਪਲਟਣ ਬਾਪੂ ਦੀ ਕਰਨ ਖਲਾਸ ਲੱਗੇ।

**ਤੀਸ ਮਾਰ ਖਾਂ**

# ਟਰੰਪ ਦੇ ਵਿਰੁੱਧ ਆਪਣੀ ਛਾਤੀ ਉਤੇ 'ਫੇਕ ਪੀਸ' ਲਿਖ ਕੇ ਔਰਤ ਟਾਪਲੈੱਸ ਹੋਈ



ਪੈਰਿਸ, 11 ਨਵੰਬਰ, (ਪੋਸਟ ਬਿਊਰੋ)- ਪਹਿਲੇ ਸੰਸਾਰ ਯੁੱਧ ਦੀ ਸਮਾਪਤੀ ਦੇ ਸੌ ਸਾਲ ਪੂਰੇ ਹੋਣ ਉੱਤੇ ਕੀਤੇ ਜਾ ਰਹੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਫਰਾਂਸ ਆਏ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸੁਰੱਖਿਆ ਚੱਕਰ ਵਿੱਚੋਂ ਇਕ ਟਾਪਲੈੱਸ ਔਰਤ ਨੂੰ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਇਸ ਟਾਪਲੈੱਸ ਮਹਿਲਾ ਨੇ ਸੁਰੱਖਿਆ ਘੇਰਾ ਤੋੜਦੇ ਹੋਏ ਟਰੰਪ ਦੇ ਕਾਫਲੇ ਵੱਲ ਦੌੜ ਲਾ ਦਿੱਤੀ ਸੀ ਅਤੇ ਇਸ ਦਾ ਮਕਸਦ ਟਰੰਪ ਦਾ ਵਿਰੋਧ ਕਰਨਾ ਸੀ। ਇਸ ਔਰਤ ਨੇ ਆਪਣੀ ਛਾਤੀ ਉੱਤੇ 'ਫੇਕ ਪੀਸ' ਲਿਖਿਆ ਹੋਇਆ ਸੀ, ਜਿਸ ਦਾ ਮਤਲਬ ਹੈ 'ਝੂਠੀ ਸ਼ਾਂਤੀ।'

ਇਹ ਸਾਰਾ ਕੁਝ ਓਦੋਂ ਹੋਇਆ, ਜਦੋਂ ਡੋਨਾਲਡ ਟਰੰਪ ਪਹਿਲੇ ਸੰਸਾਰ ਯੁੱਧ ਦੀ 100ਵੀਂ ਵਰ੍ਹੇਗੰਢ ਵਾਸਤੇ ਪੈਰਿਸ ਦੇ ਆਰਕ ਡਿ ਟ੍ਰੰਫ ਵਿਖੇ ਹੋ ਰਹੇ ਰਸਮੀ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਜਾ ਰਹੇ ਸਨ। ਪੁਲਸ ਨੇ ਦੋ ਹੋਰ ਟਾਪਲੈੱਸਾਂ ਔਰਤਾਂ ਨੂੰ ਵੀ ਗ੍ਰਿਫਤਾਰ ਕੀਤਾ ਹੈ। ਵਰਨਣ ਯੋਗ ਹੈ ਕਿ ਇਸ ਸ਼ਹਿਰ ਵਿੱਚ ਕਰੀਬ 10,000 ਸੁਰੱਖਿਆ ਕਰਮੀ ਤੈਨਾਤ ਕੀਤੇ ਗਏ ਸਨ। ਗ੍ਰਹਿ ਮੰਤਰੀ ਕ੍ਰਿਸਟੋਫ ਕਾਸਟਨਰ ਨੇ ਕਿਹਾ ਕਿ ਟਰੰਪ ਦੀ ਸੁਰੱਖਿਆ ਨੂੰ ਕਿਸੇ ਵੀ ਤਰ੍ਹਾਂ ਦਾ ਖਤਰਾ ਨਹੀਂ ਹੈ। ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਦੁਨੀਆ ਭਰ ਦੇ 70 ਦੇਸ਼ਾਂ ਦੇ ਨੇਤਾ ਫਰਾਂਸ ਦੀ ਰਾਜਧਾਨੀ ਪੈਰਿਸ ਵਿੱਚ ਆਏ ਹਨ। ਐਤਵਾਰ ਨੂੰ ਇਸ ਮੌਕੇ ਸੰਸਾਰ ਦੇ ਨੇਤਾ 1914 ਤੋਂ 1918 ਵਿਚਾਲੇ ਆਪਣੀ ਜਾਨ ਗਵਾ ਚੁੱਕੇ ਲੋਕਾਂ ਨੂੰ ਯਾਦ ਕਰ ਰਹੇ ਸਨ। ਚਾਰ ਸਾਲ ਦੀ ਲੰਬੀ ਲੜਾਈ ਪਿੱਛੋਂ 1918 ਵਿੱਚ ਨਵੰਬਰ ਨੂੰ ਇਹ ਸੰਸਾਰ ਜੰਗ ਖਤਮ ਹੋਈ ਸੀ।

ਭਾਰਤ ਦੇ ਉਪ-ਰਾਸ਼ਟਰਪਤੀ ਵੈਂਕੇਯਾ ਨਾਇਡੂ ਵੀ ਇਸ ਮੌਕੇ ਪੈਰਿਸ ਆਏ ਹਨ। ਵੈਂਕੇਯਾ ਨਾਇਡੂ ਨੇ ਐਤਵਾਰ ਨੂੰ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਫਰਾਂਸ ਦੇ ਰਾਸ਼ਟਰਪਤੀ ਐਮਾਨੁਏਲ ਮੈਕਰੋਨ ਨਾਲ ਬੈਠਕ ਵੀ ਕੀਤੀ। ਫਰਾਂਸ ਦੇ ਰਾਸ਼ਟਰਪਤੀ ਐਮਾਨੁਏਲ ਮੈਕਰੋਨ ਨੇ ਐਤਵਾਰ ਸਵੇਰੇ ਸੰਸਾਰ ਜੰਗ 'ਚ ਮਾਰੇ ਗਏ ਫੌਜੀਆਂ ਦੀ ਸਮਾਧੀ 'ਤੇ ਸ਼ਰਧਾਂਜਲੀ ਨਾਲ ਅੰਤਰਰਾਸ਼ਟਰੀ ਜੰਗਬੰਦੀ ਦਿਵਸ ਦੀ ਅਗਵਾਈ ਕੀਤੀ। ਇਹ ਸਮਾਧੀ ਪੈਰਿਸ 'ਚ ਆਰਕ ਡਿ ਟ੍ਰੰਫ ਦੇ ਹੇਠਾਂ ਬਣੀ ਹੈ। ਦੂਜੇ ਨੇਤਾਵਾਂ ਨੇ ਵੀ ਜੰਗ 'ਚ ਮਾਰੇ ਗਏ ਕਰੀਬ ਇੱਕ ਕਰੋੜ ਫੌਜੀਆਂ ਨੂੰ ਸ਼ਰਧਾਂਜਲੀ ਦਿੱਤੀ।

# ਡਾਇਬੇਟੀਜ਼ ਸਬੰਧੀ ਪਾਰਲੀਮੈਂਟ ਮੈਂਬਰਾਂ ਨੂੰ ਜਾਗਰੂਕ ਕਰਨ ਲਈ ਪਾਰਲੀਮੈਂਟ ਹਿੱਲ 'ਤੇ ਦੋ-ਦਿਨਾਂ 'ਡਾਇਬੇਟੀਜ਼ ਡੇਜ਼' ਪ੍ਰੋਗਰਾਮ ਆਯੋਜਿਤ



ਔਟਵਾ, -ਬਰੈਂਪਟਨ ਸਾਊਥ ਦੀ ਮੈਂਬਰ ਪਾਰਲੀਮੈਂਟ ਅਤੇ ਆਲ ਪਾਰਟੀ ਡਾਇਬੇਟੀਜ਼ ਕਾਕੱਸ ਦੀ ਚੇਅਰ ਸੋਨੀਆ ਸਿੱਧੂ ਵੱਲੋਂ ਸਾਥੀ ਪਾਰਲੀਮੈਂਟ ਮੈਂਬਰਾਂ ਦੀ ਡਾਇਬੇਟੀਜ਼ ਸਬੰਧੀ ਜਾਣਕਾਰੀ ਲਈ ਪਾਰਲੀਮੈਂਟ ਹਿੱਲ 'ਤੇ "ਡਾਇਬੇਟੀਜ਼ ਡੇਜ਼ ਆਨ 'ਦ ਹਿੱਲ" ਨਾਮਕ ਦੋ-ਦਿਨਾਂ ਜਾਗਰੂਕਤਾ ਪ੍ਰੋਗਰਾਮ ਦਾ ਸਫ਼ਲ ਆਯੋਜਨ ਕੀਤਾ ਗਿਆ। ਇਹ ਪ੍ਰੋਗਰਾਮ ਕੈਨੇਡਾ-ਵਾਸੀਆਂ ਵਿਚ ਡਾਇਬੇਟੀਜ਼ ਰੋਗ ਦੇ ਦਿਨੋਂ-ਦਿਨ ਵੱਧ ਰਹੇ ਖ਼ਤਰੇ ਸਬੰਧੀ ਜਾਣਕਾਰੀ ਸਾਂਝੀ ਕਰਨ ਅਤੇ ਇਸ ਦੀ ਰੋਕਥਾਮ ਲਈ ਕੌਮੀ-ਪੱਧਰ 'ਤੇ ਗੰਭੀਰ ਯਤਨ ਕਰਨ ਸਬੰਧੀ ਸੀ।

ਇਸ ਉਪਰਾਲੇ ਦੇ ਪਹਿਲੇ ਦਿਨ ਨੈਸ਼ਨਲ ਪ੍ਰੈੱਸ ਕਾਨਫ਼ਰੰਸ ਕੀਤੀ ਗਈ ਜਿਸ ਵਿਚ ਸੋਨੀਆ ਸਿੱਧੂ ਵੱਲੋਂ ਡਾਇਬੇਟੀਜ਼ ਐਡਵੋਕੇਸੀ ਕਮਿਊਨਿਟੀ ਦੇ ਕਈ ਪ੍ਰਮੁੱਖ ਮੈਂਬਰਾਂ ਦੇ ਨਾਲ ਇਹ ਮੁੱਦਾ ਵਿਸਥਾਰ ਸਹਿਤ ਵਿਚਾਰਿਆ ਗਿਆ। ਦੁਪਹਿਰ ਸਮੇਂ ਉਨ੍ਹਾਂ ਦੀ ਪ੍ਰਧਾਨਗੀ ਹੇਠ ਡਾਇਬੇਟੀਜ਼ ਕਾਕੱਸ ਦੀ ਮੀਟਿੰਗ ਵਿਚ 'ਡਾਬਿਟੀਜ਼ 360 ਸਟਰੈਟਿਜੀ' ਬਾਰੇ ਵਿਚਾਰ-ਵਟਾਂਦਰਾ ਹੋਇਆ ਜਿਹੜਾ ਕਿ ਡਾਇਬੇਟੀਜ਼ ਕੈਨੇਡਾ ਵੱਲੋਂ ਡਾਇਬੇਟੀਜ਼ ਨੂੰ ਹਰਾਉਣ ਲਈ ਅਹਿਮ ਨੈਸ਼ਨਲ ਫ਼ਰੇਮਵਰਕ ਹੈ।

ਪ੍ਰੋਗਰਾਮ ਦੇ ਪਹਿਲੇ ਦਿਨ ਡਾਇਬੇਟੀਜ਼ ਮੋਬਾਈਲ ਸਕਰੀਨਿੰਗ ਯੂਨਿਟ ਉਪਲੱਭਧ ਸੀ ਜੋ 'ਡਾਇਬੇਟੀਜ਼ 360 ਸਟਰੈਟਿਜੀ' ਦੇ ਡਾਇਬੇਟੀਜ਼ ਦੀ ਰੋਕਥਾਮ ਦੇ ਪੱਖ ਨੂੰ ਉਜਾਗਰ ਕਰਨ ਲਈ ਕੰਮ ਕਰਦਾ ਹੈ। ਅਗਲੇ ਦਿਨ ਪਾਰਲੀਮੈਂਟ ਹਿੱਲ 'ਤੇ 'ਰੀਸੈੱਪਸ਼ਨ' ਦਾ ਆਯੋਜਨ ਕੀਤਾ ਗਿਆ ਜਿਸ ਵਿਚ ਪਾਰਲੀਮੈਂਟ ਮੈਂਬਰ ਡਾਇਬੇਟੀਜ਼ ਦੇ ਮਾਹਿਰਾਂ ਦੇ ਵਿਚਾਰ ਸੁਣਨ ਅਤੇ ਡਾਇਬੇਟੀਜ਼ ਕਾਕੱਸ ਦੀਆਂ ਲੱਭਤਾਂ ਤੇ ਰੈੱਕਮੈਂਨਡੇਸ਼ਨਾਂ ਬਾਰੇ ਜਾਨਣ ਲਈ ਇਕੱਤਰ ਹੋਏ।

ਇਸ ਮੌਕੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਸੋਨੀਆ ਨੇ ਕਿਹਾ,"ਡਾਇਬੇਟੀਜ਼ ਉਹ ਬੀਮਾਰੀ ਹੈ ਜੋ ਸਾਡੇ ਸਾਰਿਆਂ 'ਤੇ ਹੀ ਅਸਰਦਾਰ ਹੈ ਅਤੇ ਇਸ ਦੀ ਰੋਕਥਾਮ ਦੇ ਹੱਲ ਲੱਭਣ ਲਈ ਜ਼ਰੂਰੀ ਹੈ ਕਿ ਸਾਰੇ ਪਾਰਲੀਮੈਂਟ ਮੈਂਬਰਾਂ ਇਕੱਠੇ ਹੋ ਕੇ ਕੰਮ ਕਰਨ। ਕਾਕੱਸ ਵਜੋਂ ਅਸੀਂ ਸਾਰੇ ਦੇਸ਼ ਵਿਚ ਹੀ ਲੋਕਾਂ ਦੇ ਵਿਚਾਰ ਸੁਣੇ ਹਨ ਅਤੇ ਹੁਣ ਅਸੀਂ ਇਸ ਸਥਿਤੀ ਵਿਚ ਪਹੁੰਚ ਗਏ ਹਾਂ ਕਿ ਇਸ ਸਬੰਧੀ ਅਸਰਦਾਇਕ ਸਟਰੈਟਿਜੀ ਬਣਾ ਸਕੀਏ ਜਿਸ ਨਾਲ ਲੱਖਾਂ ਕੈਨੇਡਾ-ਵਾਸੀਆਂ ਨੂੰ ਇਸ ਰੋਗ ਤੋਂ ਨਿਜਾਤ ਪਾਉਣ ਲਈ ਸਹਾਇਤਾ ਮਿਲ ਸਕੇ।" ਉਨ੍ਹਾਂ ਦੱਸਿਆ ਕਿ ਆਲ ਪਾਰਟੀ ਡਾਇਬੇਟੀਜ਼ ਕਾਕੱਸ ਨੇ ਇਸ ਸਬੰਧੀ ਬਹੁਤ ਸਾਰੀਆਂ ਜੱਥੇਬੰਦੀਆਂ ਅਤੇ ਸੰਸਥਾਵਾਂ ਦੇ ਮਾਹਿਰਾਂ ਦੀ ਵੀ ਰਾਇ ਲਈ ਹੈ ਜਿਨ੍ਹਾਂ ਵਿਚ ਕੈਨੇਡੀਅਨ ਇੰਡੀਜੀਨੀਅਸ ਨਰਸਿਜ਼ ਐਸੋਸੀਏਸ਼ਨ, ਹੈੱਲਥ ਡੀਪਾਰਟਮੈਂਟ, ਡਾਇਬੇਟੀਜ਼ ਕੈਨੇਡਾ, ਪਬਲਿਕ ਹੈੱਲਥ ਏਜੰਸੀ ਆਫ਼ ਕੈਨੇਡਾ ਸ਼ਾਮਲ ਹਨ। ਸੋਨੀਆ ਨੇ ਬੀਤੇ ਮਈ ਮਹੀਨੇ ਹਾਊਸ ਆਫ਼ ਕਾਮਨਜ਼ ਵਿਚ ਬਿੱਲ ਸੀ-403 ਪੇਸ਼ ਕੀਤਾ ਸੀ ਜੋ 'ਡਾਇਬੇਟੀਜ਼ ਅਵੇਅਰਨੈੱਸ ਮੰਥ ਐਕਟ' ਦੇ ਰੂਪ ਵਿਚ ਪਾਰਲੀਮੈਂਟ ਮੈਂਬਰਾਂ ਦੇ ਸਨਮੁੱਖ ਆਇਆ।

ਇਸ ਚਲੰਤ ਪਾਰਲੀਮੈਂਟ ਸੈਸ਼ਨ ਦੌਰਾਨ ਆਲ-ਪਾਰਟੀ ਡਾਇਬੇਟੀਜ਼ ਕਾਕੱਸ ਵੱਲੋਂ ਕੈਨੇਡਾ-ਵਾਸੀਆਂ ਨਾਲ 'ਡਾਇਬੇਟੀਜ਼ 360 ਸਟਰੈਟਿਜੀ' ਦੀਆਂ ਰੈੱਕਮੈਂਡੇਸ਼ਨਾਂ ਸਾਂਝੀਆਂ ਕਰਨ ਬਾਰੇ ਜ਼ੋਰਦਾਰ ਢੰਗ ਨਾਲ ਕੰਮ ਕਰੇਗੀ ਤਾਂ ਜੋ ਦੇਸ਼-ਭਰ ਵਿਚ ਇਸ ਰੋਗ ਦੀ ਰੋਕਥਾਮ ਕੀਤੀ ਜਾ ਸਕੇ ਅਤੇ ਇਸ ਨਾਲ ਪੀੜਤ ਰੋਗੀਆਂ ਦਾ ਇਲਾਜ ਕੀਤਾ ਜਾ ਸਕੇ। ਇਸ ਦੇ ਨਾਲ ਹੀ ਕੈਨੇਡਾ-ਵਾਸੀਆਂ ਵੱਲੋਂ ਇਸ ਦੇ ਇਲਾਜ ਲਈ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਖ਼ਰਚੀ ਜਾ ਰਹੀ ਭਾਰੀ ਰਕਮ ਨੂੰ ਵੀ ਘਟਾਇਆ ਜਾ ਸਕੇ।

# ਰਣਜੀਤ ਸਿੰਘ ਬ੍ਰਹਮਪੁਰਾ ਤੇ ਅਜਨਾਲਾ ਨੂੰ ਅਕਾਲੀ ਦਲ ਵਿੱਚੋਂ ਛੇ ਸਾਲਾਂ ਲਈ ਕੱਢ ਦਿੱਤਾ ਗਿਆ

*** ਸੁਖਬੀਰ ਤੇ ਮਜੀਠੀਆ ਨੇ ਸੰਸਥਾਵਾਂ ਦਾ ਘਾਣ ਕੀਤੈ: ਬ੍ਰਹਮਪੁਰਾ**



ਰਣਜੀਤ ਸਿੰਘ ਬ੍ਰਹਮਪੁਰਾ — ਰਤਨ ਸਿੰਘ ਅਜਨਾਲਾ

ਚੰਡੀਗੜ੍ਹ, 11 ਨਵੰਬਰ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਨੇ ਅੱਜ ਏਥੇ ਕੀਤੀ ਮੀਟਿੰਗ ਦੌਰਾਨ ਮਾਝੇ ਦੇ ਦੋ ਟਕਸਾਲੀ ਆਗੂਆਂ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਤੇ ਡਾ. ਰਤਨ ਸਿੰਘ ਅਜਨਾਲਾ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਪਾਰਟੀ ਵਿੱਚੋਂ ਛੇ ਸਾਲ ਲਈ ਕੱਢਣ ਦਾ ਫੈਸਲਾ ਲੈ ਲਿਆ ਹੈ। ਇਸ ਦੇ ਨਾਲ ਇਨ੍ਹਾਂ ਦੋਵਾਂ ਸਾਬਕਾ ਮੰਤਰੀਆਂ ਦੇ ਪੁੱਤਰਾਂ ਰਵਿੰਦਰਪਾਲ ਸਿੰਘ ਬ੍ਰਹਮਪੁਰਾ ਤੇ ਅਮਰਪਾਲ ਸਿੰਘ ਬੋਨੀ ਨੂੰ ਵੀ ਪਾਰਟੀ ਵਿੱਚੋਂ ਬਾਹਰ ਕਰ ਦਿੱਤਾ ਗਿਆ ਹੈ। ਵਰਨਣ ਯੋਗ ਹੈ ਕਿ ਬੀਤੇ ਹਫ਼ਤੇ ਅਕਾਲੀ ਲੀਡਰਸ਼ਿਪ ਦੇ ਖ਼ਿਲਾਫ਼ ਬਗ਼ਾਵਤ ਦਾ ਮੁੱਢ ਬੰਨ੍ਹਣ ਵਾਲੇ ਟਕਸਾਲੀ ਆਗੂ ਜਥੇਦਾਰ ਸੇਵਾ ਸਿੰਘ ਸੇਖਵਾਂ ਨੂੰ ਵੀ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ ਸੀ।

ਇਸ ਸੰਬੰਧ ਵਿੱਚ ਅਕਾਲੀ ਦਲ ਦੇ ਬੁਲਾਰੇ ਹਰਚਰਨ ਬੈਂਸ ਨੇ ਦੋਵਾਂ ਸੀਨੀਅਰ ਆਗੂਆਂ ਅਤੇ ਉਨ੍ਹਾਂ ਦੇ ਪੁੱਤਰਾਂ ਨੂੰ ਛੇ-ਛੇ ਸਾਲ ਲਈ ਪਾਰਟੀ ਵਿੱਚੋਂ ਕੱਢਣ ਦੇ ਫ਼ੈਸਲੇ ਦਾ ਐਲਾਨ ਕਰਦਿਆਂ ਕਿਹਾ ਕਿ ਪਾਰਟੀ ਨੇ ਅੱਜ ਇਹ ਫ਼ੈਸਲਾ ਪਾਰਟੀ ਵਿਰੋਧੀ ਗਤੀਵਿਧੀਆਂ ਕਰ ਕੇ ਭਰੇ ਮਨ ਨਾਲ ਲਿਆ ਹੈ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੋਵਾਂ ਆਗੂਆਂ ਨੂੰ ਬਹੁਤ ਸਤਿਕਾਰ ਦਿੰਦੇ ਰਹੇ ਹਨ ਤੇ ਉਨ੍ਹਾਂ ਨੇ ਇਨ੍ਹਾਂ ਵਲੋਂ ਕੀਤੇ ਨਿੱਜੀ ਹਮਲਿਆਂ ਵੇਲੇ ਵੀ ਨਿਮਰਤਾ ਦਿਖਾਈ ਸੀ ਅਤੇ ਬ੍ਰਹਮਪੁਰਾ ਨੂੰ ਵਿਸ਼ੇਸ਼ ਤੌਰ ਉੱਤੇ ਪਹਿਲ ਦਿੱਤੀ ਜਾਂਦੀ ਰਹੀ ਹੈ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

UK Truck Training Centre
Ministry Approved Private Carrier College
○ Automatic & Manual Trucks
● 1 on 1 Training
"We Provide Training For Forklift & Trucks"
○ Forklift Training
Forklift $79 Recertification
Counterbalance
Reach Truck
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

SherGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਸਿਆਸਤ ਦਾ ਸ਼ਿਕਾਰ ਨਿੱਕ ਗਹੂਣੀਆ ਸੱਤ ਮਹੀਨੇ ਬਾਅਦ ਵੀ ਇਨਸਾਫ ਦੀ ਉਡੀਕ ’ਚ

ਟੋਰਾਂਟੋ, 11 ਨਵੰਬਰ (ਪੋਸਟ ਬਿਊਰੋ) : ਪੁਲਿਸ ਅਧਿਕਾਰੀ ਵੱਲੋਂ ਅੰਦਰੂਨੀ ਦਸਤਾਵੇਜ਼ ਲੀਕ ਕਰਕੇ ਸਾਬਕਾ ਉਮੀਦਵਾਰ ਦੇ ਸਿਆਸੀ ਕਰੀਅਰ ਦੀ ਸ਼ੁਰੂਆਤ ਹੋਣ ਤੋਂ ਪਹਿਲਾਂ ਹੀ ਉਸ ਦੀਆਂ ਧੱਜੀਆਂ ਉਡਾ ਦਿੱਤੇ ਜਾਣ ਦੇ ਸੱਤ ਮਹੀਨੇ ਬੀਤ ਜਾਣ ਦੇ ਬਾਵਜੂਦ ਨਿੱਕ ਗਹੂਣੀਆਂ ਨੂੰ ਇਨਸਾਫ ਨਹੀਂ ਮਿ-ਲਆ ਹੈ।

ਜ਼ਿਕਰਯੋਗ ਹੈ ਕਿ ਨਿੱਕ ਗਹੂਣੀਆ ਨੌਜਵਾਨ, ਮਸ਼ਹੂਰ ਤੇ ਇੱਕ ਤਰ੍ਹਾਂ ਨਾਮਜ਼ਦਗੀ ਕਾਂਟੈਸਟ ਦਾ ਜੇਤੂ ਉਮੀਦਵਾਰ ਸੀ। ਉਸ ਉੱਤੇ ਲਾਏ ਗਏ ਝੂਠੇ ਦੋਸ਼ਾਂ ਦੇ ਸਬੰਧ ਵਿੱਚ ਉਸ ਖਿਲਾਫ ਮੁਹਿੰਮ ਚਲਾਈ ਗਈ। ਇੱਥੇ ਹੀ ਬੱਸ ਨਹੀਂ ਟੋਰਾਂਟੋ ਦੇ ਪੁਲਿਸ ਅਧਿਕਾਰੀ ਨੂੰ ਇਸ ਵਿੱਚ ਸ਼ਾਮਲ ਕੀਤੇ ਜਾਣ ਨਾਲ ਮਾਮਲਾ ਮੁਜਰਮਾਨਾਂ ਲੱਗਣ ਲੱਗ ਪਿਆ। ਪੁਲਿਸ ਵੱਲੋਂ ਅਜੇ ਤੱਕ ਵੀ ਕੋਈ ਸਪਸ਼ਟੀਕਰਨ ਨਹੀਂ ਦਿੱਤੇ ਜਾਣ ਕਾਰਨ ਮਾਮਲਾ ਅਜੇ ਵੀ ਅੱਧਵਾਟੇ ਹੀ ਲਟਕ ਰਿਹਾ ਹੈ। ਦੂਜੇ ਪਾਸੇ ਪੁਲਿਸ ਦਾ ਕਹਿਣਾ ਹੈ ਕਿ ਟੋਰਾਂਟੋ ਦੇ ਅਧਿਕਾਰੀ ਵੱਲੋਂ ਗੁਪਤ ਰਿਪੋਰਟਾਂ ਤੱਕ ਪਹੁੰਚ ਕੀਤੀ ਗਈ ਤੇ ਫਿਰ ਉਨ੍ਹਾਂ ਨੂੰ ਬਿਨਾਂ ਇਜਾਜ਼ਤ ਮੇਲ ਕਰ ਦਿੱਤਾ ਗਿਆ ਪਰ ਜਾਂਚ ਅਸਲ ਗੁਨੇਹਗਾਰਾਂ ਦੇ ਮੂੰਹ ਤੋਂ ਨਕਾਬ ਹਟਾਉਣ ਵਿੱਚ ਅਸਫਲ ਰਹੀ।

ਨਿੱਕ ਗਹੂਣੀਆ ਦੀ ਆਪਣੇ ਹਲਕੇ ਵਿੱਚ ਪੂਰੀ ਚੜ੍ਹਾਈ ਸੀ। ਨੌਜਵਾਨ ਪ੍ਰੋਗਰੈਸਿਵ ਕੰਜ਼ਰਵੇਟਿਵ ਉਮੀਦਵਾਰ ਬਾਰੇ ਇੰਜ ਲੱਗ ਰਿਹਾ ਸੀ ਕਿ ਉਹ ਇਸ ਸਾਲ ਦੇ ਸ਼ੁਰੂ ਵਿੱਚ ਹੋਈਆਂ ਓਨਟਾਰੀਓ ਚੋਣਾਂ ਲਈ ਬਰੈਂਪਟਨ ਸੈਂਟਰ ਤੋਂ ਪਾਰਟੀ ਦੀ ਨਾਮਜ਼ਦਗੀ ਹਰ ਹਾਲ ਜਿੱਤੇਗਾ। ਫਿਰ ਅਪਰੈਲ ਦੇ ਮੱਧ ਵਿੱਚ ਪੈਕੇਜ ਮਿਲਣੇ ਸ਼ੁਰੂ ਹੋਏ। ਸਥਾਨਕ ਟੋਰੀਜ਼, ਪੱਤਰਕਾਰਾਂ ਤੇ ਹੋਰਨਾਂ ਨੂੰ ਚਿੱਠੀਆਂ ਭੇਜੀਆਂ ਗਈਆਂ ਜਿਨ੍ਹਾਂ ਵਿੱਚ ਪੁਲਿਸ ਦੇ ਗੁਪਤ ਦਸਤਾਵੇਜ਼ ਸ਼ਾਮਲ ਸਨ, ਜਿਨ੍ਹਾਂ ਵਿੱਚ 28 ਸਾਲਾ ਨਿੱਕ ਗਹੂਣੀਆ ਦੇ ਸਬੰਧ ਵਿੱਚ ਕੀਤੀ ਜਾਣ ਵਾਲੀ ਜਾਂਚ ਨਾਲ ਸਬੰਧਤ ਗੁਪਤ ਦਸਤਾਵੇਜ਼ ਸਾਮਲ ਸਨ। ਇਨ੍ਹਾਂ ਦਸਤਾਵੇਜ਼ਾਂ ਵਿੱਚ ਗੰਦ ਨੂੰ ਸਾਫ ਕਰਨ ਦੀ ਕੰਜ਼ਰਵੇਟਿਵਾਂ ਨੂੰ ਬੇਨਤੀ ਕੀਤੀ ਗਈ ਸੀ। ਲਾਅ ਸਕੂਲ ਵਿੱਚ ਪੜ੍ਹੇ ਨਿੱਕ ਗਹੂਣੀਆ ਦਾ ਕੋਈ ਪੁਲਿਸ ਰਿਕਾਰਡ ਨਹੀਂ ਸੀ। ਪਰ ਦਿਨਾਂ ਵਿੱਚ ਹੀ ਜਦੋਂ ਬਰੈਂਪਟਨ ਦੀ ਇੰਡੋ ਕੈਨੇਡੀਅਨ ਕਮਿਊਨਿਟੀ ਵਿੱਚ ਇਸ ਮਾਮਲੇ ਦੀ ਚਰਚਾ ਗਰਮਾਈ ਤਾਂ ਪਾਰਟੀ ਨੇ ਨਿੱਕ ਗਹੂਣੀਆ ਨੂੰ ਨਾਮਜ਼ਦਗੀ ਦੌੜ ਤੋਂ ਪਾਸੇ ਕਰ ਦਿੱਤਾ। ਬਾਅਦ ਵਿੱਚ ਪੀਲ ਰੀਜਨਲ ਪੁਲਿਸ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਦੇ ਜਾਂਚਕਾਰਾਂ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਤੱਕ ਟੋਰਾਂਟੋ ਪੁਲਿਸ ਦੇ ਉਸ ਅਧਿਕਾਰੀ ਵੱਲੋਂ ਪਹੁੰਚ ਕੀਤੀ ਗਈ ਜੋ ਕਿ ਆਰਸੀਐਮਪੀ ਵੱਲੋਂ ਚਲਾਏ ਜਾਣ ਵਾਲੇ ਕੰਪਿਊਟਰ ਸਿਸਟਮ ਨੂੰ ਚਲਾਉਂਦਾ ਹੈ। ਫਿਰ ਉਸ ਨੇ ਇਹ ਦਸਤਾਵੇਜ਼ ਬਿਨਾਂ ਕਿਸੇ ਅਖ਼ਤਿਆਰ ਤੇ ਕਿਸੇ ਤੋਂ ਇਜਾਜ਼ਤ ਲਏ ਬਿਨਾਂ ਜਾਰੀ ਕਰ ਦਿੱਤੇ।

ਪਰ ਹੁਣ ਸੱਤ ਮਹੀਨੇ ਹੋਣ ਵਾਲੇ ਹਨ ਤੇ ਤਿੰਨ ਬੰਦ ਦਰਵਾਜ਼ਾ ਜਾਂਚਾਂ ਤੋਂ ਬਾਅਦ ਇਸ ਮਾਮਲੇ ਵਿੱਚ ਕਿਸੇ ਨੂੰ ਵੀ ਜ਼ਿੰਮੇਵਾਰ ਨਹੀਂ ਠਹਿਰਾਇਆ ਗਿਆ ਹੈ। ਨਿੱਕ ਗਹੂਣੀਆ ਦਾ ਕਹਿਣਾ ਹੈ ਕਿ ਇਸ ਮਾਮਲੇ ਕਾਰਨ ਉਹ ਟੁੱਟ ਚੁੱਕੇ ਹਨ ਤੇ ਤਣਾਅ ਵਿੱਚ ਰਹਿਣ ਲੱਗੇ ਹਨ। ਉਨ੍ਹਾਂ ਆਖਿਆ ਕਿ ਇੰਜ ਲੱਗਦਾ ਹੈ ਕਿ ਹੁਣ ਉਹ ਕਮਿਊਨਿਟੀ ਵਿੱਚ ਤਣ ਕੇ ਚੱਲ ਹੀ ਨਹੀਂ ਸਕਦੇ। ਇਸ ਨਾਲ ਨਾ ਸਿਰਫ ਉਨ੍ਹਾਂ ਦੇ ਨਾਂ ਨੂੰ ਢਾਹ ਲੱਗੀ ਹੈ ਸਗੋਂ ਉਨ੍ਹਾਂ ਦੇ ਪਿਤਾ ਦਾ ਨਾਂ ਵੀ ਖਰਾਬ ਹੋਇਆ ਹੈ। ਲੋਕਾਂ ਨੂੰ ਲੱਗਦਾ ਹੈ ਕਿ ਉਹ ਮੁਜਰਮ ਹਨ ਤੇ ਲੋਕ ਉਨ੍ਹਾਂ ਨਾਲ ਕੋਈ ਸਰੋਕਾਰ ਨਹੀਂ ਰੱਖਣਾ ਚਾਹੁੰਦੇ।

ਬਰੈਂਪਟਨ ਤੋਂ ਸਾਬਕਾ ਐਮਪੀ ਕਾਇਲੇ ਸੀਬੈਕ, ਜਿਨ੍ਹਾਂ ਨੇ ਚੋਣ ਮੁਹਿੰਮ ਦੌਰਾਨ ਨਿੱਕ ਗਹੂਣੀਆ ਦੀ ਮਦਦ ਕੀਤੀ ਸੀ, ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਇਹ ਘਟਨਾ ਜਮਹੂਰੀ ਸਿਸਟਮ ਉੱਤੇ ਹਮਲਾ ਹੈ। ਜੇ ਕੋਈ ਪੁਲਿਸ ਅਧਿਕਾਰੀ ਕਿਸੇ ਦੀ ਗੁਪਤ ਪੁਲਿਸ ਫਾਈਲ ਤੱਕ ਪਹੁੰਚ ਕਰਕੇ ਉਸ ਨੂੰ ਸਿਆਸੀ ਮਕਸਦ ਲਈ ਵਰਤਦਾ ਹੈ ਤੇ ਉਸ ਦਾ ਕੋਈ ਵਾਲ ਵੀ ਵਿੰਗਾਂ ਨਹੀਂ ਹੁੰਦਾ ਤਾਂ ਇਸ ਨਾਲ ਸਮਾਜ ਵਿੱਚ ਕੀ ਸੁਨੇਹਾ ਜਾਵੇਗਾ? ਇਹ ਬਹੁਤ ਹੀ ਗੰਭੀਰ ਮਸਲਾ ਹੈ। ਇਸ ਸੱਭ ਪਿੱਛੇ ਕਿਸ ਦਾ ਹੱਥ ਹੈ ਅਜੇ ਇਸ ਦਾ ਵੀ ਖੁਲਾਸਾ ਨਹੀਂ ਹੋ ਸਕਿਆ ਹੈ।

# 600 ਕਰੋੜ ਦੇ ਘਪਲੇ ਵਿੱਚ ਸਾਬਕਾ ਭਾਜਪਾ ਮੰਤਰੀ ਜਨਾਰਦਨ ਰੈਡੀ ਗ੍ਰਿਫਤਾਰ



ਕਰਨਾਟਕ, 11 ਨਵੰਬਰ, (ਪੋਸਟ ਬਿਊਰੋ)- ਇਸ ਰਾਜ ਦੇ ਬੇਲਾਰੀ ਖੇਤਰ ਦੇ ਮਾਈਨਿੰਗ ਕਾਰੋਬਾਰੀ ਤੇ ਸਾਬਕਾ ਭਾਜਪਾ ਮੰਤਰੀ ਜਨਾਰਦਨ ਰੈਡੀ (49) ਨੂੰ ਫਰਾਡੀਆ ਸਕੀਮ ਹੇਠ 600 ਕਰੋੜ ਰੁਪਏ ਦੇ ਘਪਲੇ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ। ਉਸ ਨੂੰ 24 ਨਵੰਬਰ ਤੱਕ ਜੁਡੀਸ਼ਲ ਹਿਰਾ-ਸਤ ਵਿਚ ਜੇਲ੍ਹ ਭੇਜ ਦਿੱਤਾ ਗਿਆ ਹੈ। ਜਨਾਰਦਨ ਰੈਡੀ ਦਾ ਸਾਥੀ ਅਲੀ ਖਾਨ ਵੀ ਫੜਿਆ ਗਿਆ ਹੈ। ਕ੍ਰਾਈਮ ਬ੍ਰਾਂਚ ਨੇ ਰੈਡੀ ਨੂੰ 11 ਨਵੰਬਰ ਤੱਕ ਪੇਸ਼ ਹੋਣ ਲਈ ਨੋਟਿਸ ਦਿਤਾ ਸੀ। ਇਸ ਤੋਂ ਬਾਅਦ ਰੈਡੀ ਸ਼ਨੀਵਾਰ ਸ਼ਾਮ ਪੁਛਗਿਛ ਲਈ ਕ੍ਰਾਈਮ ਬ੍ਰਾਂਚ ਪਹੁੰਚੇ ਸਨ।

ਵਰਨਣ ਯੋਗ ਹੈ ਕਿ ਸਾਬਕਾ ਭਾਜਪਾ ਮੰਤਰੀ ਜਨਾਰਦਨ ਰੈਡੀ ਇਕ ਫਰਾਡੀਆ ਸਕੀਮ ਵਿਚ ਕਰੋੜਾਂ ਰੁਪਏ ਦੇ ਲੈਣ ਦੇਣ ਦੇ ਕੇਸ ਵਿੱਚ ਲੋੜੀਂਦੇ ਹਨ। ਭਾਜਪਾ ਦੇ ਸਾਬਕਾ ਮੰਤਰੀ ਜਨਾਰਦਨ ਰੈਡੀ ਵਿਰੁੱਧ ਨੋਟਿਸ ਜਾਰੀ ਹੋਣ ਤੋਂ ਸਿਰਫ ਇਕ ਦਿਨ ਪਹਿਲਾਂ ਕ੍ਰਾਈਮ ਬ੍ਰਾਂਚ ਨੇ ਉਨ੍ਹਾਂ ਦੇ ਬੇਲਾਰੀ ਸ਼ਹਿਰ ਵਾਲੇ ਘਰ ਛਾਪਾ ਮਾਰਿਆ ਸੀ। ਰੈਡੀ ਦੇ ਸਹਿਯੋਗੀ ਅਲੀ ਖਾਨ ਨੇ ਐਬੀਡੈਂਟ ਮਾਰਕੀਟਿੰਗ ਪ੍ਰਾਈਵੇਟ ਲਿਮਿਟੇਡ ਦੇ ਸਈਦ ਅਹਿਮਦ ਫਰੀਦ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੀ ਜਾਂਚ ਤੋਂ ਬਚਾਉਣ ਲਈ 20 ਕਰੋੜ ਰੁਪਏ ਦੀ ਰਿਸ਼ਵਤ ਦੇਣ ਦਾ ਸੌਦਾ ਕੀਤਾ ਸੀ। ਇਸ ਕੰਪਨੀ ਉੱਤੇ ਵੀ ਫਰਾਡੀ ਸਕੀਮ ਵਿਚ ਸ਼ਾਮਲ ਹੋਣ ਦਾ ਦੋਸ਼ ਹੈ। ਕ੍ਰਾਈਮ ਬ੍ਰਾਂਚ ਸਾਹਮਣੇ ਪੇਸ਼ ਹੋਣ ਤੋਂ ਪਹਿਲਾਂ ਰੈਡੀ ਨੇ ਇਸ ਪੁਛਗਿਛ ਤੋਂ ਬਚਣ ਦੀ ਬਹੁਤ ਕੋਸ਼ਿਸ਼ ਕੀਤੀ ਤੇ ਉਸ ਦੇ ਵਕੀਲ ਸੀ ਐਚ ਹਨੁਮੰਥਰਈਆ ਨੇ ਆਰਜ਼ੀ ਜਮਾਨਤ ਦੀ ਅਰਜ਼ੀ ਦਿੱਤੀ ਸੀ। ਕੋਰਟ ਨੇ ਬਚਾਅ ਪੱਖ ਨੂੰ ਸੋਮਵਾਰ ਤੱਕ ਇਤਰਾਜ਼ ਪੇਸ਼ ਕਰਨ ਦਾ ਹੁਕਮ ਦਿਤਾ ਤਾਂ ਅਰਜ਼ੀ ਵਾਪਸ ਲੈ ਲਈ ਗਈ। ਰੈਡੀ ਨੇ ਕਰਨਾਟਕ ਹਾਈ ਕੋਰਟ ਵਿਖੇ ਦੋ ਅਰਜ਼ੀਆਂ ਪੇਸ਼ ਕੀਤੀਆਂ ਹਨ। ਪਹਿਲੀ ਪਟੀਸ਼ਨ ਰੈਡੀ ਉੱਤੇ ਦਰਜ਼ ਕੇਸ ਨੂੰ ਖਤਮ ਕਰਨ ਲਈ ਹੈ। ਇਸ ਵਿਚ ਕਿਹਾ ਗਿਆ ਹੈ ਕਿ ਰੈਡੀ ਉੱਤੇ ਲਗੇ ਦੋਸ਼ ਬੇਬੁਨਿਆਦ ਹਨ ਤੇ ਦੂਜੀ ਪਟੀਸ਼ਨ ਵਿਚ ਕੇਸ ਦੀ ਜਾਂਚ ਤੋਂ ਦੋ ਪੁਲਿਸ ਅਧਿਕਾਰੀਆਂ ਨੂੰ ਹਟਾਉਣ ਦੀ ਕਹਾਣੀ ਪਾਈ ਗਈ ਹੈ।

# ਜਿੰਮੀ ਸਮੇਤ ਬੇਅਦਬੀ ਮਾਮਲੇ ਦੇ ਕਈ ਦੋਸ਼ੀ ਸ਼੍ਰੋਮਣੀ ਕਮੇਟੀ ਦੇ ਕਿਰਾਏਦਾਰ ਨਿਕਲੇ

*** ਗ੍ਰਿਫਤਾਰੀਆਂ ਪਿੱਛੋਂ ਦੋਸ਼ੀਆਂ ਦੀਆਂ ਦੁਕਾਨਾਂ ਨੂੰ ਜਿੰਦਰੇ ਲਾਏ ਗਏ**

ਭਗਤਾ ਭਾਈ, 11 ਨਵੰਬਰ, (ਪੋਸਟ ਬਿਊਰੋ)- ਗੱਲ ਇਹ ਹਰ ਕਿਸੇ ਲਈ ਹੈਰਾਨੀ ਵਾਲੀ ਹੈ ਕਿ ਤਿੰਨ ਸਾਲ ਪਹਿਲਾਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਂਡ ਦੇ ਦੋਸ਼ੀ, ਜਿਨ੍ਹਾਂ ਵਿੱਚੋਂ ਜਤਿੰਦਰਬੀਰ ਸਿੰਘ ਜਿੰਮੀ ਮਲੇਸ਼ੀਆ ਵਿੱਚੋਂ ਮੁੜਦਾ ਦਿੱਲੀ ਹਵਾਈ ਅੱਡੇ ਉੱਤੇ ਫੜਿਆ ਗਿਆ ਹੈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਈਆਂ ਜਾਂਦੀਆਂ ਦੁਕਾਨਾਂ ਦੇ ਕਿਰਾਏਦਾਰ ਨਿਕਲੇ ਹਨ ਤੇ ਗ੍ਰਿਫਤਾਰੀ ਪਿੱਛੋਂ ਉਨ੍ਹਾਂ ਦੁਕਾਨਾਂ ਨੂੰ ਤਾਲੇ ਲਾਏ ਗਏ ਹਨ।

ਮਿਲੀ ਜਾਣਕਾਰੀ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸ ਵਿਚ ਕੁਝ ਦਿਨ ਪਹਿਲਾਂ ਗ੍ਰਿਫ਼ਤਾਰ ਕੀਤੇ ਗਏ ਭਗਤਾ ਭਾਈ ਦੇ ਦੋ ਡੇਰਾ ਸੱਚਾ ਸੌਦਾ ਸਿਰਸਾ ਵਾਲੇ ਪ੍ਰੇਮੀਆਂ ਦੀਆਂ ਦੁਕਾਨਾਂ ਨੂੰ ਅੱਜ ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੇ ਜਿੰਦਰੇ ਲਾ ਦਿੱਤੇ ਹਨ। ਸ਼੍ਰੋਮਣੀ ਕਮੇਟੀ ਦੀ ਮਾਲਕੀ ਵਾਲੀਆਂ ਇਹ ਦੁਕਾਨਾਂ ਬੱਸ ਅੱਡੇ ਵਿਚ ਹਨ। ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਸੰਘਰਸ਼ ਦੀ ਚਿਤਾਵਨੀ ਪਿੱਛੋਂ ਇਹ ਕਾਰਵਾਈ ਸ਼੍ਰੋਮਣੀ ਕਮੇਟੀ ਨੇ ਅੱਜ ਬੜੀ ਕਾਹਲੀ ਵਿੱਚ ਕੀਤੀ ਦੱਸੀ ਜਾਂਦੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਅੱਜ ਦੀ ਕਾਰਵਾਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੇ ਨਿੱਜੀ ਸਕੱਤਰ ਸੁਖਮਿੰਦਰ ਸਿੰਘ ਦੀ ਸੁਨੇਹੇ ਉੱਤੇ ਹੋਈ ਅਤੇ ਕਮੇਟੀ ਦੇ ਫਲਾਇੰਗ ਇੰਚਾਰਜ ਕੁਲਦੀਪ ਸਿੰਘ ਰੋਡੇ, ਸੁਪਰਵਾਈਜ਼ਰ ਬਲਦੇਵ ਸਿੰਘ, ਫਲਾਇੰਗ ਮੈਂਬਰ ਅੰਗਰੇਜ਼ ਸਿੰਘ ਦੀ ਅਗਵਾਈ ਹੇਠ ਆਈ ਟੀਮ ਨੇ ਕੀਤੀ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਅਤੇ ਦਸਵੀਂ ਦੇ ਮੈਨੇਜਰ ਇਕਬਾਲ ਸਿੰਘ ਜ਼ੀਰਾ ਅਤੇ ਸ਼੍ਰੋਮਣੀ ਕਮੇਟੀ ਦੇ ਹੋਰ ਮੁਲਾਜ਼ਮ ਵੀ ਮੌਜੂਦ ਸਨ।

ਵਰਨਣ ਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ ਵਿਚ ਡੇਰਾ ਸਿਰਸਾ ਪ੍ਰੇਮੀ ਜਤਿੰਦਰਬੀਰ ਸਿੰਘ ਜਿੰਮੀ, ਜਿਹੜਾ ਮਲੇਸ਼ੀਆ ਤੋਂ ਮੁੜਦਾ ਫੜਿਆ ਗਿਆ ਅਤੇ ਕੁਲਦੀਪ ਸਿੰਘ ਦੀ ਗ੍ਰਿਫ਼ਤਾਰੀ ਦੇ ਕਾਰਨ ਇਹ ਦੋਵੇਂ ਦੁਕਾਨਾਂ ਪਹਿਲਾਂ ਹੀ ਬੰਦ ਸਨ ਅਤੇ ਅੱਜ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਉੱਤੇ ਆਪਣੇ ਜਿੰਦਰੇ ਲਾ ਦਿੱਤੇ ਹਨ। ਇਸ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸ ਦੀ ਚੱਲ ਰਹੀ ਜਾਂਚ ਹੇਠ ਅੱਜ ਪੁਲੀਸ ਨੇ ਕਸਬਾ ਭਗਤਾ ਭਾਈ ਦੇ ਦੋ ਹੋਰ ਡੇਰਾ ਪ੍ਰੇਮੀਆਂ ਸਾਧੂ ਸਿੰਘ ਅਤੇ ਅਮਰਜੀਤ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਦੱਸਿਆ ਜਾਂਦਾ ਹੈ।

# ਕਰਾਚੀ ਵਿਚ ਸੀਨੀਅਰ ਪਾਕਿਸਤਾਨੀ ਪੱਤਰਕਾਰ ਦੀ ਗ੍ਰਿਫਤਾਰੀ ਤੋਂ ਪੱਤਰਕਾਰ ਭੜਕੇ



ਕਰਾਚੀ, 11 ਨਵੰਬਰ, (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਇਕ ਅਖਬਾਰ ਦਾ ਸੀਨੀਅਰ ਪੱਤਰਕਾਰ ਕੱਲ੍ਹ ਸੁਰੱਖਿਆ ਕਰਮੀਆਂ ਨੇ ਹਿਰਾ-ਸਤ ਵਿੱਚ ਲੈ ਲਿਆ ਹੈ। ਪ੍ਰਸਿੱਧ ਪਾਕਿਸਤਾਨੀ ਅਖਬਾਰ ਡਾਨ ਦੀ ਖਬਰ ਹੈ ਕਿ ਉਰਦੂ ਦੀ ਰੋਜ਼ਾਨਾ ਅਖਬਾਰ ‘ਨਵੀਂ ਬਾਤ’ ਦੇ ਪੱਤਰਕਾਰ ਨਸਰੁੱਲਾ ਖਾਨ ਚੌਧਰੀ ਨੂੰ ਸ਼ਨੀਵਾਰ ਨੂੰ ਸੁਰੱਖਿਆ ਕਰਮੀਆਂ ਨੇ ਗ੍ਰਿਫਤਾਰ ਕੀਤਾ ਹੈ। ਉਸ ਤੋਂ ਪਹਿਲਾਂ ਉਸ ਦੇ ਘਰ ਉੱਤੇ ਛਾਪਾ ਵੀ ਮਾਰਿਆ ਗਿਆ ਸੀ।

ਇਸ ਸੰਬੰਧ ਵਿੱਚ ਪਾਕਿਸਤਾਨੀ ਫੈਡਰਲ ਯੂਨੀਅਨ ਆਫ ਜਨਰਲਿਸਟ (ਪੀ ਐੱਫ ਯੂ ਜੇ) ਅਤੇ ਕਰਾਚੀ ਯੂਨੀਅਨ ਆਫ ਜਨਰਲਿਸਟਸ (ਕੇ ਯੂ ਜੇ-ਦਸਤੂਰ) ਨੇ ਕਿਹਾ ਕਿ ਪਤਾ ਨਹੀਂ ਚੌਧਰੀ ਕਿਥੇ ਹਨ। ਇਨ੍ਹਾਂ ਦੋਵਾਂ ਸੰਗਠਨਾਂ ਦੇ ਮੈਂਬਰਾਂ ਨੇ ਚੌਧਰੀ ਦੀ ‘ਗੈਰ-ਕਾਨੂੰਨੀ ਹਿਰਾਸਤ’ ਉੱਤੇ ਚਿੰਤਾ ਪ੍ਰਗਟ ਕੀਤੀ ਅਤੇ ਇਸ ਨੂੰ ਮੀਡੀਆ ਦੀ ਆਜ਼ਾਦੀ ਉੱਤੇ ਹਮਲਾ ਕਿਹਾ ਹੈ। ਇਨ੍ਹਾਂ ਦੋਵਾਂ ਸੰਗਠਨਾਂ ਨੇ ਬਿਆਨ ਜਾਰੀ ਕਰ ਕੇ ਕਿਹਾ ਹੈ ਕਿ ਜਿਹੜੇ ਪੱਤਰਕਾਰ ਦੋ ਦਿਨ ਪਹਿਲਾਂ ਕੇ ਪੀ ਸੀ (ਕਰਾਚੀ ਪ੍ਰੈੱਸ ਕਲੱਬ) ਵਿੱਚ ਸੁਰੱਖਿਆ ਕਰਮੀਆਂ ਦੀ ਘੁਸਪੈਠ ਅਤੇ ਪ੍ਰੈੱਸ ਕਲੱਬ ਦੀ ਮਰਿਆਦਾ ਭੰਗ ਕਰਨ ਦਾ ਵਿਰੋਧ ਕਰ ਰਹੇ ਸਨ, ਉਨ੍ਹਾਂ ਨੂੰ ਪਰੇਸ਼ਾਨ ਕਰਨ ਲਈ ਘਟੀਆ ਹੱਥਕੰਡੇ ਵਰਤੇ ਗਏ ਹਨ। ਪ੍ਰੈੱਸ ਕਲੱਬ ਦੇ ਅਹੁਦੇਦਾਰਾਂ ਮੁਤਾਬਕ ਪਿਛਲੇ ਬੁੱਧਵਾਰ ਕਈ ਹਥਿਆਰਬੰਦ ਲੋਕ ਆਮ ਕੱਪੜਿਆਂ ਵਿੱਚ ਕੇ ਪੀ ਸੀ ਵਿੱਚ ਆਏ ਸਨ ਤੇ ਮੀਡੀਆ ਕਰਮੀਆਂ ਨੂੰ ਪਰੇਸ਼ਾਨ ਕੀਤਾ ਸੀ। ਪੀ ਐਫ ਯੂ ਜੇ ਨੇ ਇਸ ਬਾਰੇ ਸਿੰਧ ਦੇ ਗਵਰਨਰ, ਮੁੱਖ ਮੰਤਰੀ ਅਤੇ ਉੱਚ ਸੁਰੱਖਿਆ ਅਧਿਕਾਰੀਆਂ ਤੋਂ ਪੱਤਰਕਾਰਾਂ ਨੂੰ ਤੰਗ ਕਰਨ ਬਾਰੇ ਜਾਂਚ ਕਰਾਉਣ ਅਤੇ ਚੌਧਰੀ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ ਹੈ।

# ਖੜੇ ਟਰੱਕ ਵਿੱਚ ਮੋਟਰ ਸਾਈਕਲ ਵੱਜਣ ਨਾਲ ਨੌਜਵਾਨ ਦੀ ਮੌਤ

ਫਿਲੌਰ, 11 ਨਵੰਬਰ (ਪੋਸਟ ਬਿਊਰੋ)- ਕੱਲ੍ਹ ਰਾਤ ਸੜਕ ਹਾਦਸੇ ਵਿੱਚ 23 ਸਾਲਾ ਨੌਜਵਾਨ ਦੀ ਮੌਤ ਹੋ ਗਈ। ਉਸ ਦੀ ਪਛਾਣ ਬਲਕਾਰ ਪੁੱਤਰ ਸਵਰਗੀ ਛਿੰਦਾ ਵਾਸੀ ਭਾਰਸਿੰਘਪੁਰਾ ਵਜੋਂ ਹੋਈ ਹੈ। ਮ੍ਰਿਤਕ ਦੇ ਚਾਚੇ ਸੁਰਿੰਦਰ ਰਾਮ ਨੇ ਦੱਸਿਆ ਕਿ ਬਲਕਾਰ ਸ਼ਾਮ ਸੱਤ ਵਜੇ ਘਰੋਂ ਕੰਮ 'ਤੇ ਜਾਣ ਲਈ ਨਿਕਲਿਆ ਸੀ ਅਤੇ ਘਰੋਂ ਥੋੜ੍ਹੀ ਦੂਰ ਫਿਲੌਰ ਤੋਂ ਨਵਾਂ ਸ਼ਹਿਰ ਰੋਡ 'ਤੇ ਸੜਕ ਉਪਰ ਗਲਤ ਢੰਗ ਨਾਲ ਖੜ੍ਹੇ ਟਰੱਕ ਨਾਲ ਉਸ ਦਾ ਮੋਟਰ ਸਾਈਕਲ ਟਕਰਾ ਗਿਆ, ਜਿਸ ਕਰ ਕੇ ਉਸ ਦੀ ਮੌਕੇ 'ਤੇ ਮੌਤ ਹੋ ਗਈ। ਉਹ ਪਰਵਾਰ ਵਿੱਚ ਇਕੱਲਾ ਕਮਾਉਣ ਵਾਲਾ ਸੀ। ਹੌਲਦਾਰ ਜੈਪਾਲ ਨੇ ਦੱਸਿਆ ਕਿ ਟਰੱਕ ਸੜਕ 'ਤੇ ਖੜ੍ਹਾ ਸੀ। ਉਨ੍ਹਾਂ ਦੱਸਿਆ ਕਿ ਵਾਰਸਾਂ ਦੇ ਬਿਆਨਾਂ 'ਤੇ 174 ਦੀ ਕਾਰਵਾਈ ਕੀਤੀ ਹੈ। ਮੌਕੇ 'ਤੇ ਇਕੱਤਰ ਲੋਕਾਂ ਨੇ ਦੱਸਿਆ ਕਿ ਇਸ ਜਗ੍ਹਾ 'ਤੇ ਪਹਿਲਾਂ ਵੀ ਹਾਦਸੇ ਹੋ ਚੁੱਕੇ ਹਨ ਤੇ ਕਈ ਲੋਕ ਜਾਨਾਂ ਗੁਆ ਚੁੱਕੇ ਹਨ।

# ਹਰਸਿਮਰਤ ਨੇ ਲੋਕਾਂ ਦੇ ਵਿਰੋਧ ਪ੍ਰਗਟਾਵੇ ਤੋਂ ਤ੍ਰਹਿਕ ਕੇ ਰੂਟ ਬਦਲਿਆ

ਮਾਨਸਾ, 11 ਨਵੰਬਰ, (ਪੋਸਟ ਬਿਊਰੋ)- ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਅੱਜ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਹੋਣ ਵਾਲੇ ਵਿਰੋਧ ਦੀ ਤਿਆਰੀ ਕਰਨ ਦੀ ਭਿਣਕ ਪੈਂਦੇ ਸਾਰ ਆਪਣਾ ਰੂਟ ਬਦਲ ਲਿਆ। ਮਿਲੀ ਜਾਣਕਾਰੀ ਅਨੁਸਾਰ ਅਕਾਲੀ ਦਲ (ਅੰਮ੍ਰਿਤਸਰ) ਦੇ ਵਰਕਰ ਤੇ ਆਗੂ ਅੱਜ ਹਰਸਿਮਰਤ ਕੌਰ ਬਾਦਲ ਨੂੰ ਕਾਲੀਆਂ ਝੰਡੀਆਂ ਵਿਖਾਉਣ ਲਈ ਤਿਆਰ ਹੋਏ ਖੜੇ ਸਨ। ਇਸ ਦੀ ਭਿਣਕ ਬੀਬੀ ਬਾਦਲ ਨੂੰ ਮਿਲ ਗਈ ਤੇ ਉਹ ਇਸ ਤੋਂ ਬਚਣ ਲਈ ਆਪਣਾ ਰੂਟ ਬਦਲ ਕੇ ਨਿਕਲ ਗਏ। ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰੋਗਰਾਮ ਦੀ ਅਗਵਾਈ ਇਸ ਦਲ ਦੇ ਸੀਨੀਅਰ ਮੀਤ ਪ੍ਰਧਾਨ ਗੁਰਸੇਵਕ ਸਿੰਘ ਜਵਾਹਰਕੇ ਕਰ ਰਹੇ ਸਨ। ਉਹ ਕਾਲੀਆਂ ਝੰਡੀਆਂ ਚੁੱਕ ਕੇ ਸਾਥੀਆਂ ਸਮੇਤ ਬਠਿੰਡਾ-ਮਾਨਸਾ ਹਾਈਵੇ ਉੱਤੇ ਪਿੰਡ ਭਾਈ ਦੇਸਾ ਵਿੱਚ ਖੜ੍ਹੇ ਸਨ। ਬੀਬੀ ਬਾਦਲ ਨੇ ਮਾਨਸਾ ਜ਼ਿਲ੍ਹੇ ਦੇ ਬਰੇਟਾ ਖੇਤਰ ਦੇ ਕੁਝ ਕਸਬਿਆਂ ਵਿਚ ਪ੍ਰੋਗਰਾਮਾਂ ਨੂੰ ਸੰਬੋਧਨ ਕਰਨ ਲਈ ਆਉਣਾ ਸੀ ਤੇ ਪਿੰਡ ਬਾਦਲ ਤੋਂ ਬਰੇਟਾ ਨੂੰ ਆਉਣ ਲਈ ਇਹੋ ਰਸਤਾ ਸਿੱਧਾ ਪੈਂਦਾ ਹੈ, ਪਰ ਕਾਲੀਆਂ ਝੰਡੀਆਂ ਵਿਖਾਉਣ ਦੇ ਪ੍ਰੋਗਰਾਮ ਦੀ ਜਾਣਕਾਰੀ ਜਦੋਂ ਸੁਰੱਖਿਆ ਏਜੰਸੀਆਂ ਨੂੰ ਵੀ ਮਿਲ ਗਈ ਅਤੇ ਉਨ੍ਹਾਂ ਨੇ ਬੀਬੀ ਬਾਦਲ ਨੂੰ ਦੱਸਿਆ ਤਾਂ ਉਨ੍ਹਾਂ ਨੇ ਰੂਟ ਬਠਿੰਡਾ ਤੋਂ ਵਾਇਆ ਜੌੜਕੀਆਂ ਕਰ ਲਿਆ।

ਇਸ ਸੰਬੰਧ ਵਿੱਚ ਗੁਰਸੇਵਕ ਸਿੰਘ ਜਵਾਹਰਕੇ ਨੇ ਕਿਹਾ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਜਥੇਦਾਰ ਉੱਤੇ ਦਬਾਅ ਪਾ ਕੇ ਪਹਿਲਾਂ ਡੇਰਾ ਸਿਰਸਾ ਮੁਖੀ ਦਾ ਸਮਾਜਿਕ ਬਾਈਕਾਟ ਕਰਾਇਆ ਅਤੇ ਫਿਰ ਵੋਟਾਂ ਤੇ ਫਿਲਮ ਦੇ ਨੋਟਾਂ ਪਿੱਛੇ ਉਸ ਦੀ ਮੁਆਫ਼ੀ ਕਰਵਾਈ ਤੇ ਤਕਰੀਬਨ ਇਕ ਕਰੋੜ ਰੁਪਏ ਦੇ ਇਸ਼ਤਿਹਾਰ ਸ਼੍ਰੋਮਣੀ ਕਮੇਟੀ ਦੇ ਖਾਤੇ ਵਿੱਚੋਂ ਵੱਖ-ਵੱਖ ਅਖ਼ਬਾਰਾਂ ਨੂੰ ਦਿਵਾਏ ਸਨ।

# ਕੰਧਾਰ ਚੱਲੀ ਫਲਾਈਟ ਵਿੱਚ ਪਾਇਲਟ ਨੇ ਗਲਤੀ ਨਾਲ ਹਾਈਜੈਕ ਦਾ ਬਟਨ ਦਬਾ ਦਿੱਤਾ

ਨਵੀਂ ਦਿੱਲੀ, 11 ਨਵੰਬਰ (ਪੋਸਟ ਬਿਊਰੋ)- ਸ਼ਨੀਵਾਰ ਨੂੰ ਕੰਧਾਰ ਚੱਲੇ ਇੱਕ ਜਹਾਜ਼ ਦੇ ਪਾਇਲਟ ਨੇ ਦਿੱਲੀ ਦੇ ਹਵਾਈ ਅੱਡੇ ਤੋਂ ਉਡਾਣ ਭਰਦੇ ਸਮੇਂ ਗਲਤੀ ਨਾਲ ਹਾਈਜੈਕ ਦਾ ਬਟਨ ਦਬਾ ਦਿੱਤਾ। ਇਸ ਦੇ ਬਾਅਦ ਸੁਰੱਖਿਆ ਅਧਿਕਾਰੀਆਂ ਨੂੰ ਜਾਂਚ ਲਈ ਭੇਜਿਆ ਗਿਆ। ਪਾਇਲਟ ਤੋਂ ਇਹ ਗਲਤੀ ਉਡਾਣ ਭਰਨ ਤੋਂ ਪਹਿਲਾਂ ਜਹਾਜ਼ ਨੂੰ ਰਨਵੇ 'ਤੇ ਲਿਆਉਣ ਦੇ ਦੌਰਾਨ ਹੋਈ। ਤਸੱਲੀ ਵਾਲੀ ਸਾਰੀ ਜਾਂਚ ਦੇ ਬਾਅਦ ਏਰੀਆਨਾ ਅਫਗਾਨ ਏਅਰਲਾਈਨਜ਼ ਦੀ ਇਸ ਉਡਾਣ ਨੂੰ ਰਵਾਨਾ ਕੀਤਾ ਗਿਆ। ਇਸ ਵਿੱਚ ਲਗਭਗ ਦੋ ਘੰਟੇ ਦੀ ਦੇਰੀ ਹੋ ਗਈ।

ਇਸ ਸੰਬੰਧ ਵਿੱਚ ਤੁਰੰਤ ਕੋਈ ਅਧਿਕਾਰਕ ਪ੍ਰਤੀਕਿਰਿਆ ਤਾਂ ਨਹੀਂ ਆਈ, ਪ੍ਰੰਤੂ ਜਾਣਕਾਰ ਸੂਤਰਾਂ ਨੇ ਦੱਸਿਆ ਹੈ ਕਿ ਹਾਈਜੈਕ ਦਾ ਬਟਨ ਦਾ ਦਬਾਉਣ ਨਾਲ ਸਾਰੀਆਂ ਏਜੰਸੀਆਂ ਅਲਰਟ ਹੋ ਗਈਆਂ। ਨੈਸ਼ਨਲ ਸੁਰੱਖਿਆ ਗਾਰਡਜ਼ ਦੇ ਅੱਤਵਾਦ ਵਿਰੋਧੀ ਦਸਤੇ ਸਮੇਤ ਸਾਰੀਆਂ ਏਜੰਸੀਆਂ ਹਰਕਤ ਵਿੱਚ ਆ ਗਈਆਂ। ਐੱਨ ਐੱਸ ਜੀ ਕਮਾਂਡੋ ਅਤੇ ਹੋਰਨਾਂ ਏਜੰਸੀਆਂ ਦੇ ਅਧਿਕਾਰੀਆਂ ਨੇ ਹਾਲਾਤ 'ਤੇ ਤੁਰੰਤ ਪ੍ਰਤੀਕਿਰਿਆ ਕੀਤੀ ਅਤੇ ਜਹਾਜ਼ ਨੂੰ ਚਾਰਾਂ ਪਾਸਿਓਂ ਤੋਂ ਘੇਰ ਲਿਆ, ਇਸ ਕਾਰਨ ਯਾਤਰੀਆਂ ਵਿੱਚ ਸਹਿਮ ਦਾ ਮਾਹੌਲ ਬਣਿਆ ਰਿਹਾ।


Paramjit Deol CELL: 416-993-7378
Broker 7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

BRAMPTON $89,000 — Photo Not Available — Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

HAMILTON $25/Sq Ft. — 135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $2,500 — 85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $54,900 — 255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $249,000 — Photo Not Available — 10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

PICKERING $59,000 — 1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ। ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।

BRAMPTON $541,800 — Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਊਨ ਹਾਉਸ, ਕੁਆਰਟਜ਼ ਕਾਉਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

AJAX $169,900 — Photo Not Available — 44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

KITCHENER $369,999 — Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਊਨ ਹਾਊਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

TORONTO $508,775 — Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $629,000 — 60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

TORONTO $825,000 — Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

BRAMPTON $179,000 — Photo Not Available — 384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੌਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $944,000 — Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜ਼ਰੂਰ ਦੇਖੋ !!

BRAMPTON $849,000 — Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੌਰ, ਰੈਨੋਵੇਟਡ ਬੇਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999 — Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੌਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



“Quality is our strength.”
SKYDOME GROUP OF COMPANIES
WE DEAL WITH ALL INSURANCE COMPANIES
MINISTRY APPROVED SALVAGE INSPECTION STATION
Body Centre
Inderjit Singh
Daljit Singh
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton. Tel: 905-460-1414
HEAD OFFICE: 905-874-9878
Toll Free: 1-877-799-9878. www.skydomeauto.ca

# ਕੈਸੀਕੈਂਬਲ ਸੀਨੀਅਰਜ਼ ਕਲੱਬ ਨੇ ਦੀਵਾਲੀ ਮਨਾਈ



(ਬਰੈਂਪਟਨ/ਬਾਸੀ ਹਰਚੰਦ) ਦੀਵਾਲੀ ਦੇ ਸ਼ੁਭ ਦਿਵਸ ਤੇ ਕੈਸੀਕੈਂਬਲ ਸੀਨੀਅਰਜ਼ ਕਲੱਬ ਨੇ ਰਲ ਮਿਲ ਕੇ ਕੈਸੀ ਕੈਂਬਲ ਕਮਿਊਨਿਟੀ ਸੈਂਟਰ ਵਿਖੇ ਸ਼ਾਨਦਾਰ ਪਾਰਟੀ ਦਾ ਪਰਬੰਧ ਕੀਤਾ ਗਿਆ ਇਹ ਪਾਰਟੀ ਅਮਰਜੀਤ ਸਿੰਘ ਸੇਖੋਂ ਨੇ ਆਪਣੇ ਪੋਤਰੇ ਦੀ ਦਾਤ ਮਿਲਣ ਦੀ ਖੁਸ਼ੀ ਵਿੱਚ ਦਿਤੀ ਗਈ। ਸਰਜਿੰਦਰ ਸਿੰਘ ਖਜ਼ਾਨਚੀ ਅਤੇ ਦਵਿੰਦਰ ਸਿੰਘ ਨੇ ਕਲੱਬ ਵੱਲੋਂ ਅਮਰਜੀਤ ਸਿੰਘ ਸੇਖੋਂ ਅਤੇ ਪ੍ਰੀਵਾਰ ਨੂੰ ਪੋਤਰੇ ਦੀ ਦਾਤ ਮਿਲਣ ਅਤੇ ਇਹ ਖੁਸ਼ੀ ਸਾਰਿਆਂ ਨਾਲ ਸਾਂਝੀ ਕਰਨ ਤੇ ਵਧਾਈਆਂ ਦਿਤੀਆਂ। ਮੀਟਿੰਗ ਵਿੱਚ ਬਲਦੇਵ ਸਿੰਘ ਸਹਿਦੇਵ ਨੇ ਦੀਵਾਲੀ ਦੇ ਤਿਉਹਾਰ ਅਤੇ ਚਲੰਤ ਮਸਲਿਆਂ ਤੇ ਆਪਣੇ ਵਿਚਾਰ ਰੱਖੇ ਅਤੇ ਸਰੋਤਿਆਂ ਦੇ ਕਈ ਸਵਾਲਾਂ, ਜੋ ਗਦਰ ਲਹਿਰ ਅਤੇ ਲਹਿਰ ਦੇ ਸੂਰਬੀਰਾਂ ਨਾਲ ਸਬੰਧਤ ਸਨ। ਅੁਹਨਾਂ ਨੇ ਸਵਾਲਾਂ ਨੂੰ ਸਰੋਤਿਆਂ ਸਾਹ-ਮਣੇ ਸਪੱਸ਼ਟ ਕੀਤਾ ਜਿੰਨਾਂ ਬਾਰੇ ਹਾਜ਼ਰੀਨ ਨੇ ਬੜੀ ਦਿਲਚਸਪੀ ਵਿਖਾਈ। ਅੰਤ ਵਿੱਚ ਬਲਦੇਵ ਸਿੰਘ ਸਹਿਦੇਵ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਨ ਨਾਲ ਸਬੰਧਤ ਹੋਣ ਵਾਲੇ ਸਮਾਗਮ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਇਹ ਸਮਾਗਮ 17 ਨਵੰਬਰ ਦਿਨ ਸਨਿੱਚਰਵਾਰ ਨੂੰ ਗੁਰੂ ਤੇਗਬਹਾਦਰ ਖਾਲਸਾ ਸਕੂਲ ਦੇ ਹਾਲ ਵਿੱਚ ਹੋਵੇਗਾ ਜੋ ਕਨੇਡੀ ਅਤੇ ਸੈਂਡਲਵੁੱਡ ਇੰਟਰ ਸੈਕਸ਼ਨ ਤੇ ਸਥਿਤ ਹਾਰਟ ਲੇਕ ਵਾਲੇ ਪਲਾਜ਼ੇ ਵਿੱਚ ਮੈਕਡੋਨਲ ਦੇ ਨਾਲ ਹੈ।

# ਮਰਸਰ ਵਾਲੇ ਢਾਬੇ ਮਾਲਕਾਂ ਨੇ ਜਾਬ ਆਫਰ ਲਈ ਲਏ ਪੈਸਿਆਂ ਨੂੰ ਫਰੈਂਚਆਈਜੀ ਫੀਸ ਆਖਿਆ

## ਵੀਜ਼ੇ ਮੰਗਦੀਆਂ ਅਰਜ਼ੀਆਂ ਨੂੰ ਦੱਸਿਆ ਫਰੈਂਚਆਈਜ਼




ਆਕਲੈਂਡ, 11 ਨਵੰਬਰ (ਹਰਜਿੰਦਰ ਸਿੰਘ ਬਸਿਆਲਾ)-ਜਿਨ੍ਹਾਂ-ਜਿਨ੍ਹਾਂ ਨੇ ਮਰਸਰ ਵਾਲੇ ਢਾਬੇ ਉਤੇ ਰੱਖੇ ਦੇਸੀ ਮੰਜਿਆ ਦੇ ਉਤੇ ਖਾਣਾ ਖਾਧਾ ਹੋਵੇਗਾ, ਉਨ੍ਹਾਂ ਲਈ ਖਬਰ ਹੈ ਕਿ ਇਹ 'ਢਾਬਾ ਔਨ ਹਾਈਵੇ' ਦੇ ਮਾਲਕ (ਜਾਨੇਸ਼ ਖਰਬੰਦਾ-ਭਾਵਨਾ ਕਪਿਲਾ ਭਾਟੀਆ) ਜਿੱਥੇ ਦੇਸੀ ਸਟਾਈਲ ਨਾਲ ਕੰਮ ਕਰਦੇ ਸਨ ਉਥੇ ਉਸੀ ਦੇਸੀ ਤਰੀਕੇ ਦੇ ਨਾਲ ਨੌਕਰੀ ਦੇਣ ਦਾ ਕੰਮ ਵੀ ਕਰਦੇ ਸਨ। ਇਹ ਤਰੀਕਾ ਕਈ ਵਾਰ ਕੈਸ਼ ਝਾੜਨ ਵਿਚ ਵੀ ਕਾਮਯਾਬ ਹੋ ਜਾਂਦਾ ਸੀ। ਨੌਕਰੀ ਦੀ ਤਲਾਸ਼ ਵਿਚ ਗਏ ਇਕ ਜੋੜੇ ਕੋਲੋਂ ਇਨ੍ਹਾਂ ਨੇ ਆਪਣੇ ਪੋਕੀਨੋ ਸਥਿਤ ਘਰ ਦੇ ਵਿਚ ਬੁਲਾ ਕੇ ਪੇਸ਼ਗੀ ਵਜੋਂ 5000 ਡਾਲਰ ਨਕਦ ਲਿਆ ਅਤੇ ਕੰਮ ਦੇ ਕਾਗਜ਼-ਪੱਤਰ ਦਿੱਤੇ। ਕੁੱਲ ਰਕਮ 20,000 ਤੋਂ ਉਪਰ ਦਿੱਤੀ ਜਾਣੀ ਸੀ ਜੋ ਕਿ ਤਿੰਨ ਕਿਸ਼ਤਾਂ ਵਿਚ ਸੀ। ਵਰਕ ਵੀਜੇ ਬਾਅਦ ਹੋਰ 10,000 ਡਾਲਰ ਦੇਣਾ ਸੀ ਅਤੇ ਫਿਰ 5000 ਡਾਲਰ ਹੋਰ ਤਿੰਨ ਸਾਲ ਦੇ ਵੀਜ਼ੇ ਬਾਅਦ। ਮੀਡੀਆ ਵਾਲਿਆਂ ਨੂੰ ਜਾਨੇਸ਼ ਖਰਬੰਦਾ ਨੇ ਇਹ ਸਫਾਈ ਦੇਣ ਦੀ ਕੋਸ਼ਿਸ਼ ਕੀਤੀ ਕਿ ਇਹ ਪੈਸੇ ਤਾਂ ਉਸਨੇ ਫ੍ਰੈਂਚਾਈਜ਼ੀ ਵੇਚਣ ਲਈ ਲਏ ਸਨ ਜਦ ਕਿ ਪੈਸੇ ਦੇਣ ਵਾਲਾ ਜੋੜਾ ਤਾਂ ਆਪ ਵੀਜੇ ਲਈ ਅਰਜ਼ੀ ਮੰਗਣ ਆਇਆ ਹੋਇਆ ਸੀ। ਉਸਨੇ ਇਹ ਸਫਾਈ ਵੀ ਦਿੱਤੀ ਕਿ ਉਸ ਦਿਨ ਉਸਦਾ ਪ੍ਰਿੰਟਰ ਖਰਾਬ ਸੀ ਜਿਸ ਕਰਕੇ ਉਹ ਐਗਰੀਮੈਂਟ ਨਹੀਂ ਕੱਢ ਸਕਿਆ। ਪਰ ਨੌਕਰੀ ਵਾਲਾ ਐਗਰੀਮੈਂਟ ਜਰੂਰ ਕੱਢਿਆ ਹੋਇਆ ਸੀ। ਪੀੜਤ ਜੋੜੇ ਨਾਲ ਫੋਨ ਸੰਦੇਸ਼ਾਂ ਦੇ ਉਤੇ ਵੀ ਘਿੱਚ-ਘਿੱਚ ਚੱਲੀ, ਪਰ ਜਦ ਪੈਸੇ ਨਾ ਮੋੜੇ ਤਾਂ ਅਗਲਿਆਂ ਨੇ ਅਗਲਾ ਮੋੜ ਕੱਟ ਲਿਆ ਤੇ ਕੈਸ਼ ਲੈਣ ਦੇ ਦੇਸੀਵੇਅ ਨੂੰ ਜੱਗ ਜ਼ਾਹਿਰ ਕਰ ਦਿੱਤਾ।

ਇਹ ਢਾਬਾ ਮਾਲਕ ਇਕ ਟ੍ਰਸਟ ਦੇ ਨਾਲ ਵੀ ਸਬੰਧਿਤ ਹੈ । ਫੰਡ ਰੇਜ਼ਿੰਗ ਸਮਾਗਮਾਂ ਦੇ ਵਿਚ ਵੀ ਇਹ ਸ਼ਾਮਿਲ ਰਹਿੰਦਾ ਹੈ। ਸਾਬਕਾ ਪ੍ਰਧਾਨ ਮੰਤਰੀ ਸ੍ਰੀ ਜੌਹਨ ਕੀ ਦੇ ਨਾਲ ਵੀ ਉਸਦੀਆਂ ਤਸਵੀਰਾਂ ਹਨ। ਸੰਨੀ ਕੌਂਸਿਲ ਵੀ ਉਸਦੇ ਵਾਕਿਫਕਾਰ ਹਨ ਅਤੇ ਹੈਰਾਨ ਹਨ ਕਿ ਇਹ ਬੰਦਾ ਵੀ ਏਦਾਂ ਕਰਦਾ ਰਿਹਾ ਹੈ। ਖਰਬੰਦਾ ਇਕ ਟ੍ਰਸਟ ਦਾ ਟ੍ਰਸਟੀ ਵੀ ਹੈ, ਇਸ ਟ੍ਰਸਟ ਨੇ ਇਕ ਕੰਪੀਟੀਸ਼ਨ 'ਸੀਨੀਅਰ ਬੈਸਟ ਸ਼ੈਫ' ਵੀ ਕਰਾਇਆ ਸੀ ਜਿਸ ਦੇ ਵਿਚ ਫਿਲ ਗੌਫ ਅਤੇ ਡਾ. ਪਰਮਜੀਤ ਪਰਮਾਰ ਮਹਿਮਾਨ ਸਨ। ਇਹ ਸਾਰੇ ਹੈਰਾਨ ਹਨ ਕਿ ਇਹ ਬੰਦਾ ਵੀ....।

# ਕਸਟਮਰ ਨੇ ਬੈਂਕ ਚੈੱਕ ਉੱਤੇ ਲਿਖਿਆ: 'ਆਈ ਐਮ ਕਿਡਨੈਪਡ, ਕਾਲ ਦਿ ਪੁਲਸ'

ਲੁਧਿਆਣਾ, 11 ਨਵੰਬਰ (ਪੋਸਟ ਬਿਊਰੋ)- ਇੰਗਲੈਂਡ ਤੋਂ ਨਵੀਂ ਦਿੱਲੀ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ 'ਤੇ ਉਤਰੇ ਬਜ਼ੁਰਗ ਐਨ ਆਰ ਆਈ ਨੂੰ ਉਸ ਦੀ ਪਤਨੀ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਅਗਵਾ ਕਰ ਕੇ ਜਲੰਧਰ ਦੇ ਪਿੰਡ ਦਕੋਹਾ ਰੱਖਿਆ, ਜਿਥੇ ਚਾਰ ਦਿਨ ਤੱਕ ਬੰਦੀ ਬਣਾ ਕੇ ਉਸ ਨਾਲ ਮਾਰਕੁੱਟ ਕੀਤੀ ਗਈ। ਦੋਸ਼ੀਆਂ ਨੂੰ ਓਦੋਂ ਭੱਜਣਾ ਪਿਆ, ਜਦੋਂ ਉਹ ਐਨ ਆਰ ਆਈ ਨੂੰ ਪੈਸੇ ਕਢਵਾਉਣ ਲਈ ਬੈਂਕਾਂ 'ਚ ਲੈ ਕੇ ਗਏ। ਉਥੇ ਐਨ ਆਰ ਆਈ ਨੇ ਸੂਝਬੂਝ ਦਿਖਾਉਂਦੇ ਹੋਏ ਬੈਂਕ ਦੀ ਵਿਦਡਰਾਅਲ ਸਲਿੱਪ ਉੱਤੇ ਲਿਖ ਦਿੱਤਾ, 'ਆਈ ਐਮ ਕਿਡਨੈਪਡ, ਕਾਲ ਦਿ ਪੁਲਸ'। ਬੈਂਕ ਮੈਨੇਜਰ ਨੇ ਉਸੇ ਸਮੇਂ ਪੁਲਸ ਨੂੰ ਫੋਨ ਕਰ ਦਿੱਤਾ ਤੇ ਪੁਲਸ ਦੇ ਆਉਣ ਦੀ ਸੂਹ ਮਿਲਦੇ ਹੀ ਦੋਸ਼ੀ ਭੱਜ ਗਏ।

ਥਾਣਾ ਡਵੀਜ਼ਨ ਨੰਬਰ ਅੱਠ ਦੀ ਪੁਲਸ ਨੇ ਉਨ੍ਹਾਂ ਦੇ ਖਿਲਾਫ ਕੇਸ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਏ ਐਸ ਆਈ ਨਰਿੰਦਰ ਸਿੰਘ ਨੇ ਦੱਸਿਆ ਕਿ ਦੋਸ਼ੀਆਂ ਦੀ ਪਛਾਣ ਪਿੰਡ ਦਕੋਹਾ ਦੀ ਰਜਨੀ ਸ਼ਰਮਾ, ਪਵਨ, ਬਬਲੂ ਉਰਫ ਬੱਬੂ, ਗੁਰਪ੍ਰੀਤ ਸਿੰਘ ਅਤੇ ਰਜਨੀ ਦੀ ਮਾਂ ਦੇ ਰੂਪ 'ਚ ਕੀਤੀ ਗਈ ਹੈ। ਪੁਲਸ ਨੇ ਇੰਡਸਟਰੀਅਲ ਏਰੀਆ ਵਾਸੀ ਪ੍ਰਿਤਪਾਲ ਸਿੰਘ ਪਲਾਹ (64) ਦੀ ਸ਼ਿਕਾਇਤ ਉੱਤੇ ਉਨ੍ਹਾਂ ਦੇ ਖਿਲਾਫ ਕੇਸ ਦਰਜ ਕੀਤਾ ਹੈ। ਉਸ ਨੇ ਪੁਲਸ ਨੂੰ ਦੱਸਿਆ ਕਿ ਉਹ ਇੰਗਲੈਂਡ ਦਾ ਸਿਟੀਜ਼ਨ ਹੈ ਅਤੇ ਪਹਿਲੀ ਪਤਨੀ ਨਾਲ ਉਸ ਦਾ ਤਲਾਕ ਹੋ ਚੁੱਕਾ ਹੈ। ਬੱਚੇ ਉਸ ਦੀ ਪਤਨੀ ਕੋਲ ਹਨ। ਉਹ ਦੂਜਾ ਵਿਆਹ ਕਰਕੇ ਲੁਧਿਆਣਾ 'ਚ ਸ਼ਿਫਟ ਹੋਣਾ ਚਾਹੁੰਦਾ ਸੀ। ਇੰਗਲੈਂਡ 'ਚ ਰਹਿ ਰਹੇ ਇਕ ਜਾਣਕਾਰ ਦੀ ਮਦਦ ਨਾਲ ਚਾਰ ਮਾਰਚ 2018 ਨੂੰ ਉਸ ਦਾ ਵਿਆਹ ਰਜਨੀ (40) ਨਾਲ ਹੋਇਆ ਸੀ। ਰਜਨੀ ਦੇ ਪਹਿਲੇ ਪਤੀ ਦੀ ਮੌਤ ਹੋ ਚੁੱਕੀ ਸੀ। ਵਿਆਹ ਤੋਂ ਬਾਅਦ ਇਕ ਮਹੀਨਾ ਇਥੇ ਰਹਿਣ ਮਗਰੋਂ ਉਹ ਵਾਪਸ ਇੰਗਲੈਂਡ ਚਲਾ ਗਿਆ। ਚਾਰ ਨਵੰਬਰ ਨੂੰ ਉਹ ਵਾਪਸ ਏਥੇ ਆਇਆ ਤਾਂ ਏਅਰਪੋਰਟ ਉਤੇ ਉਤਰਦੇ ਹੀ ਰਜਨੀ ਤੇ ਉਸ ਦੇ ਸਾਥੀਆਂ ਨੇ ਉਸ ਨੂੰ ਜ਼ਬਰਦਸਤੀ ਇਨੋਵਾ ਕਾਰ ਦੀ ਸਭ ਤੋਂ ਪਿੱਛੇ ਵਾਲੀ ਸੀਟ ਉੱਤੇ ਬਿਠਾ ਲਿਆ ਅਤੇ ਪਿੰਡ ਦਕੋਹਾ ਲੈ ਗਏ, ਜਿਥੇ ਉਸ ਨਾਲ ਮਾਰਕੁੱਟ ਹੁੰਦੀ ਰਹੀ। ਆਖਰ ਦੋਸ਼ੀਆਂ ਨੇ ਉਸ ਨੂੰ ਛੱਡਣ ਬਦਲੇ 15 ਲੱਖ ਰੁਪਏ ਦੀ ਮੰਗ ਕੀਤੀ। ਪ੍ਰਿਤਪਾਲ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਬੈਂਕ ਤੋਂ ਪੈਸੇ ਕਢਵਾ ਕੇ ਦੇ ਸਕਦਾ ਹੈ। ਇਸ ਪਿੱਛੋਂ ਦੋਸ਼ੀ ਉਸ ਨੂੰ ਕਾਰ 'ਚ ਬਿਠਾ ਕੇ ਫੁਹਾਰਾ ਚੌਕ ਸਟੇਟ ਬੈਂਕ ਆਫ ਇੰਡੀਆ ਦੀ ਬਰਾਂਚ ਲੈ ਗਏ। ਪਵਨ ਤੇ ਬਬਲੂ ਬਾਹਰ ਕਾਰ 'ਚ ਬੈਠੇ ਸਨ ਅਤੇ ਰਜਨੀ ਅਤੇ ਉਸ ਦੀ ਮਾਂ ਪ੍ਰਿਤਪਾਲ ਨਾਲ ਬੈਂਕ ਵਿੱਚ ਗਈਆਂ। ਉਥੇ ਵਿਦਡਰਾਅਲ ਸਲਿੱਪ ਭਰਦੇ ਸਮੇਂ ਐਨ ਆਰ ਆਈ ਨੇ ਦੋਵਾਂ ਦੀ ਅੱਖ ਬਚਾ ਕੇ ਕੈਸ਼ੀਅਰ ਲਈ ਮੈਸੇਜ ਲਿਖ ਦਿੱਤਾ, ਜਿਸ ਨੂੰ ਪੜ੍ਹਦੇ ਸਾਰ ਕੈਸ਼ੀਅਰ ਅੰਦਰ ਮੈਨੇਜਰ ਕੋਲ ਭੱਜਾ ਗਿਆ।

# ਰਾਜ਼ੀਨਾਮਾ ਕਰਵਾਉਣ ਗਿਆ ਵਿਅਕਤੀ ਮਾਰਿਆ ਗਿਆ

ਗੋਇੰਦਵਾਲ ਸਾਹਿਬ, 11 ਨਵੰਬਰ (ਪੋਸਟ ਬਿਊਰੋ)- ਥਾਣਾ ਸ੍ਰੀ ਗੋਇੰਦ-ਵਾਲ ਸਾਹਿਬ ਦੇ ਪਿੰਡ ਵੇਈਪੁਈਂ ਵਿੱਚ ਕੰਧ ਦੇ ਝਗੜੇ ਵਿੱਚ ਦੋ ਪਰਵਾਰਾਂ ਦਾ ਰਾਜ਼ੀਨਾਮਾ ਕਰਵਾਉਣ ਗਏ ਇਕ ਵਿਅਕਤੀ ਦਾ ਕਤਲ ਕਰ ਦਿੱਤਾ ਗਿਆ ਹੈ। ਮ੍ਰਿਤਕ ਦੀ ਪਛਾਣ ਮਨਜਿੰ-ਦਰ ਸਿੰਘ ਲਾਡੀ ਵਜੋਂ ਹੋਈ ਹੈ। ਇਸ ਘਟਨਾ ਦੀ ਸੂਚਨਾ ਮਿਲੀ ਤੋਂ ਐਸ ਐਸ ਪੀ ਦਰਸ਼ਨ ਸਿੰਘ ਮਾਨ, ਐਸ ਪੀ ਤਿਲਕ ਰਾਜ, ਡੀ ਐਸ ਪੀ ਹਰਦੇਵ ਸਿੰਘ ਬੋਪਾਰਾਏ ਨੇ ਘਟਨਾ ਸਥਾਨ ਦਾ ਜਾਇਜ਼ਾ ਲਿਆ।

ਮਿਲੀ ਜਾਣਕਾਰੀ ਅਨੁਸਾਰ ਤਾਏ ਚਾਚੇ ਦੇ ਪੁੱਤਰਾਂ ਸਲਵਿੰਦਰ ਸਿੰਘ ਰਾਜਾ ਤੇ ਕਾਕਾ ਕਨਾਰੀਆ ਪੁੱਤਰ ਅਮਰੀਕ ਸਿੰਘ ਦਾ ਗੁਆਂਢੀਆਂ ਪਲਵਿੰਦਰ ਸਿੰਘ ਅਤੇ ਬੱਬੂ ਪੁੱਤਰ ਨਿਰੰਜਣ ਸਿੰਘ ਨਾਲ ਨਵੇਂ ਬਣੇ ਮਕਾਨ ਦੀ ਕੰਧ ਬਾਰੇ ਝਗੜਾ ਹੋ ਗਿਆ ਸੀ। ਮਨਜਿੰਦਰ ਸਿੰਘ ਲਾਡੀ ਪੁੱਤਰ ਹਰੀ ਸਿੰਘ ਦੋਵੇਂ ਧਿਰਾਂ ਦਾ ਰਾਜ਼ੀਨਾਮਾ ਕਰਵਾਉਣ ਗਿਆ ਸੀ। ਇਸ ਮੌਕੇ ਸਲਵਿੰਦਰ ਸਿੰਘ ਰਾਜਾ ਨੇ ਆਪਣੇ ਪਿਤਾ ਅਮਰੀਕ ਸਿੰਘ ਦੀ ਬਾਰ੍ਹਾਂ ਬੋਰ ਦੀ ਬੰਦੂਕ ਤੋਂ ਗੋਲੀ ਚਲਾ ਦਿੱਤੀ, ਜਿਸ ਕਾਰਨ ਮਨਜਿੰਦਰ ਸਿੰਘ ਲਾਡੀ ਦੀ ਮੌਕੇ 'ਤੇ ਮੌਤ ਹੋ ਗਈ। ਲਾਡੀ ਸ਼ਰੀਕੇ ਵਿੱਚੋਂ ਦੋਵਾਂ ਧਿਰਾਂ ਦਾ ਰਿਸ਼ਤੇਦਾਰ ਸੀ। ਮ੍ਰਿਤਕ ਦੇ ਭਰਾ ਗੁਰਸੇਵਕ ਸਿੰਘ ਨੀਟਾ ਅਤੇ ਗੁਰਸਾਹਿਬ ਸਿੰਘ ਨੇ ਦੱਸਿਆ ਕਿ ਗੁਆਂਢ ਰਹਿੰਦੇ ਸ਼ਰੀਕੇ ਵਿੱਚ ਨਵੇਂ ਮਕਾਨ ਦੀ ਕੰਧ ਬਾਰੇ ਝਗੜੇ ਵਿੱਚ ਲਾਡੀ ਰਾਜ਼ੀਨਾਮਾ ਕਰਾਉਣ ਗਿਆ। ਇਸ ਦੌਰਾਨ ਸਲਵਿੰਦਰ ਸਿੰਘ ਰਾਜਾ ਤੇ ਉਸ ਦੇ ਭਰਾ ਕਾਕੇ ਵੱਲੋਂ ਚਲਾਈ ਗੋਲੀ ਨਾਲ ਲਾਡੀ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਦੋਵੇਂ ਦੋਸ਼ੀ ਫਰਾਰ ਹੋ ਗਏ। ਥਾਣਾ ਮੁਖੀ ਬਲਜਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਮ੍ਰਿਤਕ ਦੇ ਪਰਵਾਰ ਮੈਂਬਰ ਦੇ ਬਿਆਨਾਂ ਦੇ ਆਧਾਰ 'ਤੇ ਕਤਲ ਕੇਸ ਦਰਜ ਕਰ ਲਿਆ ਗਿਆ ਤੇ ਮੁਲਜ਼ਮਾਂ ਦੀ ਭਾਲ ਲਈ ਛਾਪੇ ਮਾਰੇ ਜਾ ਰਹੇ ਹਨ।

# ਸਿੱਖ ਗੁਰੂਆਂ ਵਿਰੁੱਧ ਸ਼੍ਰੋਮਣੀ ਕਮੇਟੀ ਵਾਲੀਆਂ ਕਿਤਾਬਾਂ ਦੀ ਜਾਂਚ ਲਈ ਗਵਰਨਰ ਨੂੰ ਮੰਗ ਪੱਤਰ

ਅੰਮ੍ਰਿਤਸਰ, 11 ਨਵੰਬਰ (ਪੋਸਟ ਬਿਊਰੋ)- ਲੋਕ ਭਲਾਈ ਇਨਸਾਫ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਬਲਦੇਵ ਸਿੰਘ ਸਿਰਸਾ ਦੀ ਅਗਵਾਈ ਹੇਠ ਇਕ ਵਫਦ ਨੇ ਪੰਜਾਬ ਦੇ ਗਵਰਨਰ ਨੂੰ ਇੱਕ ਮੰਗ ਪੱਤਰ ਦਿੱਤਾ ਹੈ ਕਿ ਸ਼੍ਰੋਮਣੀ ਗੁਰ-ਦੁਆਰ ਪ੍ਰਬੰਧਕ ਕਮੇਟੀ ਵੱਲੋਂ ਛਪਾਈਆਂ ਸਿੱਖ ਇਤਿਹਾਸ ਦੀਆਂ ਵਿਵਾਦਤ ਪੁਸਤਕਾਂ ਦੇ ਦੋਸ਼ੀਆਂ ਵਿਰੁੱਧ ਵੀ ਤੁਰੰਤ ਕਾਰਵਾਈ ਕੀਤੀ ਜਾਵੇ। ਇਸ ਮੰਗ ਬੜੇ ਚਿਰਾਂ ਤੋਂ ਕੀਤੀ ਜਾ ਰਹੀ ਹੈ।

ਇਸ ਸੰਬੰਧ ਵਿੱਚ ਲੋਕ ਭਲਾਈ ਇਨਸਾਫ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਬਲਦੇਵ ਸਿੰਘ ਸਿਰਸਾ ਨੇ ਕਿਹਾ ਕਿ ਗਵਰਨਰ ਦੀ ਗੈਰ ਹਾਜ਼ਰੀ ਵਿੱਚ ਮੰਗ ਪੱਤਰ ਉਨ੍ਹਾਂ ਦੇ ਦਫਤਰ ਦੇ ਇਕ ਅਧਿਕਾਰੀ ਨੂੰ ਦਿੱਤਾ ਹੈ, ਜਿਸ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਛਾਪੀਆਂ ਸਿੱਖ ਇਤਿਹਾਸ ਬਾਰੇ ਵਿਵਾਦਤ ਕਿਤਾਬਾਂ, ਸਿੱਖ ਇਤਿਹਾਸ ਹਿੰਦੀ ਵਿੱਚ ਗੁਰੂ ਸਾਹਿਬ ਨੂੰ ਚੋਰ ਲੁਟੇਰੇ, ਡਾਕੂ, ਕਾਤਲ, ਦਾਸੀਆਂ ਦੇ ਪੇਟੋਂ ਜੰਮੇ ਦੱਸ ਕੇ ਅਤੇ ਗੁਰਮਤਿ ਪ੍ਰਕਾਸ਼ ਦੇ ਦਸੰਬਰ 2013 ਦੇ ਅੰਕ ਦੇ ਪਹਿਲੇ ਸਫੇ ਉੱਤੇ ਸਾਹਿਬਜ਼ਾਦਿਆਂ ਦੀਆਂ ਤਸਵੀਰਾਂ ਦਸਤਾਰਾਂ ਦੀ ਬਜਾਏ ਟੋਪੀਆਂ ਪਾ ਕੇ ਛਾਪੀਆਂ ਜਾਣ ਨਾਲ ਸਿੱਖ ਪੰਥ ਦੇ ਹਿਰਦਿਆਂ ਨੂੰ ਭਾਰੀ ਠੇਸ ਪੁੱਜੀ ਹੈ ਤੇ ਸਾਰੀ ਕੌਮ ਦੁਖੀ ਹੈ। ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ ਨੂੰ ਵਿਗਾੜਨ ਵਾਲੇ ਲੋਕਾਂ ਦੇ ਵਿਰੁੱਧ ਕਾਰਵਾਈ ਲਈ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਤੋਂ ਇਲਾਵਾ ਪੰਜਾਬ ਪੁਲਸ ਅਤੇ ਸਿਵਲ ਅਧਿਕਾਰੀਆਂ ਨੂੰ ਮੰਗ ਪੱਤਰ ਦਿੱਤੇ, ਪਰ ਕਿਸੇ ਨੇ ਵੀ ਦੋਸ਼ੀਆਂ ਵਿਰੁੱਧ ਕਾਰਵਾਈ ਨਹੀਂ ਕੀਤੀ। ਸਿੱਖ ਇਤਿਹਾਸ ਹਿੰਦੀ ਕਿਤਾਬ 1999 ਵਿੱਚ ਖਾਲਸਾ ਪੰਥ ਦੀ ਤੀਜੀ ਸ਼ਤਾਬਦੀ ਸਮੇਂ ਸ਼੍ਰੋਮਣੀ ਕਮੇਟੀ ਨੇ ਪ੍ਰਧਾਨ ਬੀਬੀ ਜਗੀਰ ਕੌਰ ਦੇ ਹੋਣ ਸਮੇਂ ਛਾਪੀ ਸੀ ਅਤੇ ਦਸੰਬਰ 2013 ਦੇ ਗੁਰਮਤਿ ਪ੍ਰਕਾਸ਼ ਵਿੱਚ ਸਾਹਿਬਜ਼ਾਦਿਆਂ ਦੀਆਂ ਤਸਵੀਰਾਂ ਦਸਤਾਰਾਂ ਵਾਲੀਆਂ ਛਾਪਣ ਦੀ ਥਾਂ ਸਿੱਖ ਇਤਿਹਾਸ ਨੂੰ ਰਲਗੱਡ ਕਰਕੇ ਕਿਸੇ ਸਾਜ਼ਿਸ਼ ਹੇਠ ਟੋਪੀ ਵਾਲੀਆਂ ਤਸਵੀਰਾਂ ਅਵਤਾਰ ਸਿੰਘ ਮੱਕੜ ਦੇ ਕਾਰਜਕਾਲ ਸਮੇਂ ਛਪਵਾਈਆਂ ਗਈਆਂ, ਜਿਹੜਾ ਸਿੱਖ ਇਤਿਹਾਸ ਉਤੇ ਹਮਲਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਨੁਮ-ਾਇੰਦਾ ਸੰਸਥਾ ਹੈ, ਜਿਸ ਦਾ ਮੁੱਖ ਕਾਰਜ ਸਿੱਖ ਪੰਥ ਦੀ ਰਾਖੀ ਅਤੇ ਧਰਮ ਦਾ ਪ੍ਰਚਾਰ ਕਰਨਾ ਹੈ, ਪਰ ਮੌਜੂਦਾ ਪ੍ਰਬੰਧਕ ਕਿਸੇ ਸਾਜ਼ਿਸ਼ ਤਹਿਤ ਸਿੱਖ ਧਰਮ ਅਤੇ ਇਤਿਹਾਸ ਨੂੰ ਵਿਗਾੜ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਅਵਤਾਰ ਸਿੰਘ ਮੱਕੜ, ਸਾਬਕਾ ਸਕੱਤਰ ਦਲਮੇਘ ਸਿੰਘ ਅਤੇ ਹੋਰਨਾਂ ਦੇ ਖਿਲਾਫ ਕਾਰਵਾਈ ਕੀਤੀ ਜਾਵੇ ਤੇ ਇਸ ਵਿੱਚ ਉਨ੍ਹਾਂ ਵਿਅਕਤੀਆਂ ਨੂੰ ਸ਼ਾਮਲ ਕੀਤਾ ਜਾਵੇ ਜਿਹੜੇ ਜ਼ਿੰਮੇਵਾਰ ਅਹੁਦਿਆਂ ਤੇ ਰਹੇ, ਪਰ ਉਨ੍ਹਾਂ ਨੇ ਵੀ ਦੋਸ਼ੀਆਂ ਖਿਲਾਫ ਕਾਰਵਾਈ ਨਹੀਂ ਕੀਤੀ। ਉਨ੍ਹਾਂ ਸੁਖਬੀਰ ਸਿੰਘ ਬਾਦਲ ਬਾਰੇ ਕਿਹਾ ਕਿ ਉਹ ਪੰਜਾਬ ਸਰਕਾਰ ਕੋਲੋਂ +1 +2 ਦੇ ਸਿਲੇਬਸ ਦੀਆਂ ਸਿੱਖ ਇਤਿਹਾਸ ਵਿੱਚ ਕਿਤਾਬਾਂ ਜਿਨ੍ਹਾਂ ਵਿੱਚ ਸਿੱਖ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕੀਤਾ ਗਿਆ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਦੀ ਮੰਗ ਕਰਦੇ ਹਨ, ਜਿਸ ਦਾ ਉਹ ਸੁਆਗਤ ਕਰਦੇ ਹਨ, ਪਰ ਨਾਲ ਹੀ ਸੁਖਬੀਰ ਸਿੰਘ ਬਾਦਲ ਨੂੰ ਪੰਥਕ ਕਚਹਿਰੀ ਵਿੱਚ ਖੜਾ ਕਰਕੇ ਪੁੱਛਣਾ ਚਾਹੁੰਦੇ ਹਨ ਕਿ ਉਨ੍ਹਾਂ ਦੇ ਪ੍ਰਬੰਧ ਹੇਠ ਸ਼੍ਰੋਮਣੀ ਕਮੇਟੀ ਵੱਲੋਂ ਛਾਪੀਆਂ ਸਿੱਖ ਇਤਿਹਾਸ ਨਾਲ ਸਬੰਧਤ ਵਿਵਾਦਤ ਕਿਤਾਬਾਂ ਦੇ ਦੋਸ਼ੀਆਂ ਨੂੰ ਸਜ਼ਾ ਦੀ ਗੱਲ ਕਿਉਂ ਕਰਦੇ।

# ਮੁਸਲਿਮ ਕੇਂਦਰ ਦੇਵਬੰਦ ਵੱਲੋਂ ਫਤਵਾ, ਲਾੜੀ ਨੂੰ ਡੋਲੀ ਤੱਕ ਮਾਮਾ ਚੁੱਕ ਕੇ ਨਹੀਂ ਲਿਜਾ ਸਕਦਾ



ਦੇਵਬੰਦ, 11 ਨਵੰਬਰ (ਪੋਸਟ ਬਿਊਰੋ)- ਮੁਸਲਿਮ ਸਿਧਾਂਤ ਦੇ ਕੇਂਦਰ ਦਾਰੂਲ ਉਲੂਮ ਦੇਵਬੰਦ ਨੇ ਮੁਸਲਿਮ ਵਿਆਹਾਂ ਦੇ ਵਕਤ ਹੋਣ ਵਾਲੀਆਂ ਗ਼ੈਰ ਇਸਲਾਮੀ ਰੀਤਾਂ ਵਿਰੁੱਧ ਨਵਾਂ ਫਤਵਾ ਜਾਰੀ ਕੀਤਾ ਹੈ। ਇਸ ਵਿਚ ਕੁੜੀ ਦੇ ਪਰਵਾਰ ਵੱਲੋਂ ਮੁਡੇ ਦੇ ਪਰਵਾਰ ਨੂੰ ਭੇਜੀ ਜਾਣ ਵਾਲੀ ਚਿੱਠੀ ਬਾਰੇ ਸੋਚ ਵੀ ਸ਼ਾਮਲ ਹੈ। ਇਸ ਵਿਚ ਕਿਹਾ ਗਿਆ ਹੈ ਕਿ ਦੁਲਹਨ ਨੂੰ ਉਸ ਦੇ ਮਾਮੇ ਵੱਲੋਂ ਡੋਲੀ ਤੱਕ ਲਿਜਾਣ ਦੀ ਰੀਤ ਗ਼ੈਰ ਇਸਲਾਮੀ ਹੈ। ਇਸ ਦਾ ਪਾਲਣ ਇਸ ਲਈ ਨਹੀਂ ਕੀਤਾ ਜਾਣਾ ਚਾਹੀਦਾ ਹੈ ਕਿ ਇਸ ਦੌਰਾਨ ਦੋਵਾਂ ਵਿਚੋਂ ਕਿਸੇ ਇਕ ਦੇ ਮਨ ਵਿਚ ਕਾਮ ਵਾਸ਼ਨਾ ਪੈਦਾ ਹੋ ਸਕਦੀ ਹੈ।

ਮੁਜ਼ੱਫਰਨਗਰ ਦੇ ਇਕ ਵਿਅਕਤੀ ਵੱਲੋਂ ਪੁੱਛੇ ਸਵਾਲ ਦਾ ਜਵਾਬ ਦਿੰਦੇ ਹੋਏ ਦੇਵਬੰਦ ਦੀ ਵੱਡੇ ਅਹੁਦੇ ਵਾਲੀ ਬੈਂਚ ਨੇ ਕਿਹਾ ਕਿ ਲਾਲ ਖਤ ਵਿਦੇਸ਼ੀ ਪਰਪੰਰਾ ਹੈ, ਜੋ ਗ਼ੈਰ ਇਸਲਾਮੀ ਪੰਥ ਵਿੱਚੋਂ ਆਈ ਹੈ। ਇਸ ਦੀ ਥਾਂ ਸਾਧਾਰਨ ਕਾਰਡ, ਪੋਸਟ ਕਾਰਡ ਜਾਂ ਮੋਬਾਈਲ ਫੋਨ ਦੀ ਵਰਤੋਂ ਹੋਣੀ ਚਾਹੀਦੀ ਹੈ। ਬੈਂਚ ਨੇ ਦੁਲਹਨ ਨੂੰ ਮਾਮੇ ਵੱਲੋਂ ਗੋਦੀ ਚੁੱਕ ਕੇ ਡੋਲੀ ਤੱਕ ਲਿਜਾਣ ਦੀ ਰੀਤ ਉੱਤੇ ਵੀ ਸਖ਼ਤ ਇਤਰਾਜ਼ ਕੀਤਾ ਅਤੇ ਕਿਹਾ ਕਿ ਇਕ ਔਰਤ ਅਤੇ ਉਸ ਦੇ ਮਾਮਾ ਦੇ ਰਿਸ਼ਤੇ ਬਹੁਤ ਧਾਰਮਿਕ ਹੁੰਦੇ ਹਨ। ਕੋਈ ਆਦਮੀ ਪੂਰੀ ਜਵਾਨ ਹੋ ਚੁੱਕੀ ਭਾਣਜੀ ਨੂੰ ਗੋਦੀ ਨਹੀਂ ਚੁੱਕ ਸਕਦਾ। ਇਸਲਾਮੀ ਕਾਨੂੰਨ ਵਿਚ ਇਹ ਨਿਸ਼ਚਤ ਤੌਰ ਉੱਤੇ ਕਬੂਲ ਕਰਨ ਯੋਗ ਨਹੀਂ। ਬੈਂਚ ਨੇ ਕਿਹਾ ਕਿ ਇਸ ਤੋਂ ਚੰਗਾ ਹੈ ਕਿ ਦੁਲਹਨ ਖੁਦ ਤੁਰ ਕੇ ਡੋਲੀ ਤੱਕ ਜਾਵੇ ਜਾਂ ਅਪਣੀ ਮਾਂ ਦੀ ਸੰਭਾਲ ਵਿਚ ਡੋਲੀ ਤੱਕ ਜਾਵੇ। ਇਸ ਤੋਂ ਇਲਾਵਾ ਫਤਵਾ ਵਿਭਾਗ ਨੇ ਉਸ ਜਵੈਲਰੀ ਨੂੰ ਵੀ ਗ਼ੈਰ ਇਸਲਾਮੀ ਕਰਾਰ ਦਿੱਤਾ ਹੈ, ਜਿਸ ਵਿਚ ਕੋਈ ਤਸਵੀਰ ਹੋਵੇ। ਦੁਲਹਨ ਜਿਹੜੇ ਗਹਿਣੇ ਪਾਉਂਦੀ ਹੈ, ਉਸ ਵਿਚ ਕੋਈ ਤਸਵੀਰ ਨਾ ਹੋਵੇ ਤਾਂ ਉਸ ਨੂੰ ਪਾਇਆ ਜਾ ਸਕਦਾ ਹੈ।

ਬਹੁਤ ਸਾਰੇ ਮੌਲਵੀਆਂ ਨੇ ਦੇਵਬੰਦ ਦੇ ਇਸ ਫਤਵੇ ਦਾ ਸਵਾਗਤ ਕੀਤਾ ਤੇ ਸਾਰੇ ਮੁਸਲਮਾਨਾਂ ਨੂੰ ਇਸ ਨੂੰ ਮੰਨਣ ਦੀ ਅਪੀਲ ਕੀਤੀ ਹੈ। ਦੇਵਬੰਦ ਦੇ ਮੌਲਾਨਾ ਮਹਿੰਦੀ ਹਸਨ ਕਾਦਰੀ ਨੇ ਕਿਹਾ ਕਿ ਮੈਨੂੰ ਨਹੀਂ ਲੱਗਦਾ ਕਿ ਜਿਹੜਾ ਫਤਵਾ ਜਾਰੀ ਕੀਤਾ ਗਿਆ ਹੈ, ਉਹ ਵਿਵਾਦਤ ਹੈ। ਅਸੀਂ ਬੈਂਚ ਵੱਲੋਂ ਦੱਸੇ ਗਏ ਉਨ੍ਹਾਂ ਪੱਖਾਂ ਨੂੰ ਪੂਰੀ ਤਰਾਂ ਮੰਨਦੇ ਹਾਂ, ਜਿਸ ਵਿਚ ਮੁਸਲਮਾਨਾਂ ਨੂੰ ਵਿਆਹ ਵਿਚ ਪੈਸੇ ਦੀ ਬਰਬਾਦੀ ਤੋਂ ਦੂਰ ਰਹਿਣ ਲਈ ਕਿਹਾ ਗਿਆ ਹੈ।

# ਰਿਜ਼ਰਵ ਬੈਂਕ ਦੇ ਖਜ਼ਾਨੇ ਉੱਤੇ ਅੱਖ ਰੱਖਣ ਬਾਰੇ ਕੇਂਦਰ ਸਰਕਾਰ ਨੂੰ ਸਫਾਈ ਦੇਣੀ ਪਈ

ਨਵੀਂ ਦਿੱਲੀ, 11 ਨਵੰਬਰ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਤੇ ਭਾਰਤੀ ਰਿਜ਼ਰਵ ਬੈਂਕ ਵਿਚਾਲੇ ਕੁਝ ਦਿਨਾਂ ਤੋਂ ਚੱਲ ਰਹੀ ਖਿੱਚੋਤਾਣ ਬਾਰੇ ਅੱਜ ਸਰਕਾਰ ਨੂੰ ਸਪੱਸ਼ਟੀਕਰਨ ਦੇਣਾ ਪਿਆ ਕਿ ਉਸ ਦੀ ਨਜ਼ਰ ਰਿਜ਼ਰਵ ਬੈਂਕ ਦੇ ਖਜ਼ਾਨੇ ਉੱਤੇ ਨਹੀਂ। ਕੇਂਦਰ ਸਰਕਾਰ ਨੇ ਅੱਜ ਸ਼ੁੱਕਰਵਾਰ ਨੂੰ ਕਿਹਾ ਕਿ ਉਹ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਦੇ ਰਿਜ਼ਰਵ ਭੰਡਾਰ ਵਿੱਚੋਂ 3.6 ਲੱਖ ਕਰੋੜ ਰੁਪਏ ਨਹੀਂ ਮੰਗ ਰਹੀ, ਪਰ ਉਹ ਇਸ ਕੇਂਦਰੀ ਬੈਂਕ ਲਈ ਢੁਕਵੇਂ ਆਰਥਿਕ ਪੂੰਜੀਕਰਨ ਦੀ ਰੂਪ-ਰੇਖਾ ਤੈਅ ਕਰਨ ਬਾਰੇ ਵਿਚਾਰਾਂ ਕਰ ਰਹੀ ਹੈ।

ਇਸ ਬਾਰੇ ਆਰਥਿਕ ਮਾਮਲਿਆਂ ਦੇ ਸੈਕਟਰੀ ਸੁਭਾਸ਼ ਚੰਦਰ ਗਰਗ ਨੇ ਟਵੀਟ ਕਰ ਕੇ ਕਿਹਾ ਕਿ ਮੀਡੀਆ ਵਿੱਚ ਗੁਮਰਾਹਕੁਨ ਚਰਚੇ ਚੱਲ ਰਹੇ ਹਨ, ਪਰ ਸਰਕਾਰ ਦੀ ਵਿੱਤੀ ਹਾਲਤ ਪੂਰੀ ਤਰ੍ਹਾਂ ਲੀਹ ਉਤੇ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਆਰ ਬੀ ਆਈ ਤੋਂ 3.6 ਲੱਖ ਕਰੋੜ ਜਾਂ ਇਕ ਲੱਖ ਕਰੋੜ ਰੁਪਏ ਲੈਣ ਦੀ ਕੋਈ ਸੋਚ ਨਹੀਂ। ਉਨ੍ਹਾਂ ਕਿਹਾ, 'ਸਾਲ 2013-14 ਵਿੱਚ ਕੇਂਦਰ ਸਰਕਾਰ ਦਾ ਮਾਇਕ ਘਾਟਾ ਜੀ ਡੀ ਪੀ ਦੇ 5.1 ਫ਼ੀਸਦੀ ਬਰਾਬਰ ਸੀ। ਉਸ ਪਿੱਛੋਂ ਸਰਕਾਰ ਇਸ ਵਿੱਚ ਲਗਾਤਾਰ ਕਮੀ ਕਰਦੀ ਰਹੀ ਹੈ। ਅਸੀਂ 2018-19 ਦੇ ਅੰਤ ਤੱਕ ਘਾਟੇ ਨੂੰ 3.3 ਫ਼ੀਸਦੀ ਤਕ ਸੀਮਤ ਕਰ ਦੇਵਾਂਗੇ। ਸਰਕਾਰ ਨੇ ਬਾਜ਼ਾਰ ਵਿੱਚੋਂ 70 ਹਜ਼ਾਰ ਕਰੋੜ ਰੁਪਏ ਜੁਟਾਉਣ ਦੀ ਯੋਜਨਾ ਵੀ ਛੱਡ ਦਿੱਤੀ ਹੈ।' ਗਰਗ ਨੇ ਕਿਹਾ ਕਿ ਇਸ ਵੇਲੇ ਸਿਰਫ਼ ਇਕੋ ਵਿਚਾਰ ਉੱਤੇ ਬਹਿਸ ਚੱਲ ਰਹੀ ਹੈ ਕਿ ਰਿਜ਼ਰਵ ਬੈਂਕ ਦੀ ਆਰਥਿਕ ਪੂਜੀ ਦਾ ਪ੍ਰਬੰਧ ਕਿਵੇਂ ਕੀਤਾ ਜਾਵੇ, ਹੋਰ ਕੋਈ ਨਹੀਂ।

ਭਾਰਤ ਸਰਕਾਰ ਨੇ ਇਹ ਸਫਾਈ ਓਦੋਂ ਦਿੱਤੀ ਹੈ, ਜਦੋਂ ਇਹ ਰਿਪੋਰਟਾਂ ਹਨ ਕਿ ਸਰਕਾਰ ਰਿਜ਼ਰਵ ਬੈਂਕ ਤੋਂ 9.6 ਲੱਖ ਕਰੋੜ ਰੁਪਏ ਦੇ ਭੰਡਾਰ ਦਾ ਘੱਟੋ ਘੱਟ ਇਕ ਤਿਹਾਈ ਆਪਣੇ ਖਾਤੇ ਵਿੱਚ ਭੇਜਣ ਦੀ ਮੰਗ ਕਰ ਰਹੀ ਹੈ। ਇਸ ਨਾਲ ਇਹ ਖ਼ਬਰਾਂ ਵੀ ਹਨ ਕਿ ਸਰਕਾਰ ਰਿਜ਼ਰਵ ਬੈਂਕ ਦੇ ਮੁਨਾਫ਼ੇ ਦਾ ਹੋਰ ਹਿੱਸਾ ਲਾਭ ਵਜੋਂ ਲੈਣਾ ਚਾਹੁੰਦੀ ਹੈ। ਰਿਜ਼ਰਵ ਬੈਂਕ ਆਪਣੀ ਬੈਲੇਂਸ ਸ਼ੀਟ ਮਜ਼ਬੂਤ ਬਣਾਉਣ ਲਈ ਮੁਨਾਫ਼ੇ ਦਾ ਇਕ ਹਿੱਸਾ ਆਪਣੇ ਕੋਲ ਰੱਖਣਾ ਚਾਹੁੰਦਾ ਹੈ।

ਇਕ ਹੋਰ ਕੇਂਦਰੀ ਅਧਿਕਾਰੀ ਮੁਤਾਬਕ ਸਰਕਾਰ ਚਾਹੁੰਦੀ ਹੈ ਕਿ ਰਿਜ਼ਰਵ ਬੈਂਕ ਲਾਭ ਤੇ ਪੂੰਜੀ ਭੰਡਾਰ ਬਾਰੇ ਨਵੀਂ ਨੀਤੀ ਬਣਾਵੇ। ਉਨ੍ਹਾਂ ਕਿਹਾ ਕਿ ਅਜੇ ਰਿਜ਼ਰਵ ਬੈਂਕ ਦੀਆਂ ਲੋੜਾਂ ਮੁਤਾਬਕ 27 ਫ਼ੀਸਦੀ ਦੇ ਬਰਾਬਰ ਪੂੰਜੀ ਦਾ ਪ੍ਰਬੰਧ ਹੀ ਰੱਖਿਆ ਜਾਂਦਾ ਹੈ, ਸੰਸਾਰ ਦੇ ਬਹੁਤੇ ਕੇਂਦਰੀ ਬੈਂਕ ਇਹ 14 ਫ਼ੀਸਦੀ ਰੱਖਦੇ ਹਨ। ਰਿਜ਼ਰਵ ਬੈਂਕ ਪੂੰਜੀ ਦੇ ਪ੍ਰਬੰਧ ਨੂੰ 14 ਫ਼ੀਸਦੀ ਕੀਤਾ ਜਾਵੇ ਤਾਂ ਬਾਜ਼ਾਰ ਨੂੰ 3.6 ਲੱਖ ਕਰੋੜ ਰੁਪਏ ਮਿਲ ਸਕਦੇ ਹਨ। ਇਸ 19 ਨਵੰਬਰ ਨੂੰ ਹੋ ਰਹੀ ਰਿਜ਼ਰਵ ਬੈਂਕ ਦੀ ਬੈਠਕ ਵਿੱਚ ਇਸ ਬਾਰੇ ਚਰਚਾ ਹੋ ਸਕਦੀ ਹੈ। ਇਸ ਤੋਂ ਪਹਿਲਾਂ ਰਿਜ਼ਰਵ ਬੈਂਕ ਨੇ ਸਰਕਾਰ ਨੂੰ ਘਾਟੇ ਦਾ ਟੀਚਾ ਹਾਸਲ ਕਰਨ ਲਈ ਮੌਜੂਦਾ ਵਰ੍ਹੇ 'ਚ 50 ਹਜ਼ਾਰ ਕਰੋੜ ਰੁਪਏ ਦਾ ਲਾਭ ਦੇਣ ਦਾ ਫ਼ੈਸਲਾ ਲਿਆ ਸੀ।

# ਕਾਂਗਰਸ ਆਗੂ ਦੇ ਪੁੱਤਰ ਤੇ ਚਚੇਰੇ ਭਰਾ ਦੀ ਹਾਦਸੇ 'ਚ ਮੌਤ

ਟਾਹਲੀ ਸਾਹਿਬ, 11 ਨਵੰਬਰ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਐਸ ਸੀ ਵਿੰਗ ਦੇ ਪ੍ਰਧਾਨ ਡਾਕਟਰ ਤਰਸੇਮ ਸਿੰਘ ਸਿਆਲਕਾ ਦੇ ਪੁੱਤਰ ਅਤੇ ਚਚੇਰੇ ਭਰਾ ਦੀ ਮੋਟਰ ਸਾਈਕਲ ਮੱਝ ਨਾਲ ਵੱਜਣ ਕਰ ਕੇ ਮੌਤ ਹੋ ਗਈ। ਮਿਲੀ ਜਾਣਕਾਰੀ ਮੁਤਾਬਕ ਰਾਤ ਕਰੀਬ 9 ਵਜੇ ਤਰਸੇਮ ਸਿੰਘ ਸਿਆਲਕਾ ਦਾ ਪੁੱਤਰ ਹਰਸੁੱਖ ਸਿੰਘ ਤੇ ਚਚੇਰਾ ਭਰਾ ਹਰਵਿੰਦਰ ਸਿੰਘ ਕਸਬਾ ਟਾਹਲੀ ਸਾਹਿਬ ਤੋਂ ਆਪਣੇ ਪਿੰਡ ਸਿਆਲਕਾ ਵੱਲ ਪਲਸਰ ਮੋਟਰ ਸਾਈਕਲ 'ਤੇ ਜਾ ਰਹੇ ਸਨ ਤੇ ਪਿੰਡ ਰੂਪੋਵਾਲੀ ਬ੍ਰਾਹਮਣਾਂ ਕੋਲ ਗੁੱਜਰਾਂ ਦੀ ਇਕ ਮੱਝ ਅਚਾਨਕ ਸੜਕ 'ਚ ਆਉਣ ਨਾਲ ਮੋਟਰ ਸਾਈਕਲ ਮੱਝ ਨਾਲ ਵੱਜ ਗਿਆ। ਇਸ ਹਾਦਸੇ ਵਿੱਚ ਡਾ. ਸਿਆਲਕਾ ਦੇ ਚਚੇਰੇ ਭਰਾ ਹਰਵਿੰਦਰ ਸਿੰਘ ਪੁੱਤਰ ਰੁਲਦਾ ਸਿੰਘ ਦੀ ਘਟਨਾ ਸਥਾਨ 'ਤੇ ਮੌਤ ਹੋ ਗਈ, ਜਦ ਇਕ ਉਨ੍ਹਾਂ ਦਾ ਪੁੱਤਰ ਹਰਸੁੱਖ ਸਿੰਘ ਗੰਭੀਰ ਜ਼ਖਮੀ ਹੋ ਗਿਆ, ਉਸ ਨੂੰ ਗੁਰੂ ਰਾਮਦਾਸ ਹਸਪਤਾਲ ਵੱਲ੍ਹਾ ਵਿਖੇ ਲਿਜਾਇਆ ਗਿਆ, ਪਰ ਗੰਭੀਰ ਸੱਟਾਂ ਕਾਰਨ ਉਸ ਦੀ ਵੀ ਮੌਤ ਹੋ ਗਈ। ਇਸ ਹਾਦਸੇ ਦੌਰਾਨ ਮੱਝ ਦੀ ਵੀ ਮੌਤ ਹੋ ਗਈ। ਮ੍ਰਿਤਕ ਹਰਵਿੰਦਰ ਸਿੰਘ ਦੀ ਕੱਲ੍ਹ 9 ਨਵੰਬਰ ਸ਼ਾਮ ਨੂੰ ਦੁਬਈ ਲਈ ਉਡਾਣ ਸੀ।


jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



Jobs Jobs Jobs

General Labour/ Drivers/ Window Assemblers & Machine Operators

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.618.6030
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ



# ਸੰਪਾਦਕੀ

## ਇੱਕ ਨਾਸਤਿਕ ਦੇ ਚਰਚ ਵਿੱਚ ਪਾਦਰੀ ਹੋਣ ਦੇ ਅਰਥ

ਕਿੰਗਸਟਨ ਉਂਟੇਰੀਓ ਵਿੱਚ ਯੂਨਾਈਟਡ ਚਰਚ ਦੀ ਪਾਦਰੀ ਭਾਵ ਮਿਨਿਸਟਰ ਰੀਵੀਅਰੈਂਡ ਗਰੇਟਾ ਵੋਸਪਰ (Rev. Gretta Vosper) ਨੂੰ ਨਾਸਤਿਕ ਹੋਣ ਦੇ ਬਾਵਜੂਦ ਚਰਚ ਨੇ ਉਸਦਾ ਧਾਰਮਿਕ ਵਿੱਦਿਆ ਦੇਣ ਦਾ ਅਧਿਕਾਰ ਬਰਕਰਾਰ ਰੱਖਿਆ ਹੈ। 60 ਕੁ ਸਾਲਾਂ ਦੀ ਗਰੇਟਾ ਵੋਸਪਰ ਅਤੇ ਯੂਨਾਈਟਡ ਚਰਚ ਦਰਮਿਆਨ ਹੋਈ ਸੈਟਲਮੈਂਟ ਦੀਆਂ ਸ਼ਰਤਾਂ ਜਾਰੀ ਨਹੀਂ ਕੀਤੀਆਂ ਗਈਆਂ ਹਨ। ਦੋਵੇਂ ਧਿਰਾਂ ਇਸ ਗੱਲ ਨਾਲ ਸਹਿਮਤ ਹੋਈਆਂ ਹਨ ਕਿ ਨਾਸਤਿਕ ਗਰੇਟਾ ਚਰਚ ਵਿੱਚ ਆਉਣ ਵਾਲਿਆਂ ਨੂੰ ਧਰਮ ਦੀ ਸਿੱਖਿਆ ਦੇਂਦੀ ਰਹੇਗੀ। ਵਰਨਣਯੋਗ ਹੈ ਕਿ ਚਰਚ ਕਮਿਉਨਿਟੀ ਵਿੱਚ ਵਿਵਾਦਗ੍ਰਸਤ ਰਹੀ ਗਰੇਟਾ ਨੇ ਟੋਰਾਂਟੋ ਵਿੱਚ 2013 ਵਿੱਚ ਐਲਾਨ ਕਰ ਦਿੱਤਾ ਸੀ ਕਿ ਉਸਦਾ ਰੱਬ ਦੀ ਹੋਂਦ ਵਿੱਚ ਯਕੀਨ ਖਤਮ ਹੋ ਚੁੱਕਾ ਹੈ।

ਰੱਬ ਵਿੱਚ ਯਕੀਨ ਖਤਮ ਹੋਣ ਬਾਰੇ ਗਰੇਟਾ ਨੇ ਦੋ ਕਾਰਣ ਦੱਸੇ ਸਨ। ਪਹਿਲਾ ਸੀ ਪਾਕਿਸਤਾਨ ਵਿੱਚ ਉਹਨਾਂ ਬਲਾਗ ਲਿਖਣ ਵਾਲਿਆਂ ਦੀ ਦਸ਼ਾ ਜਿਹਨਾਂ ਨੂੰ ਰੱਬ ਦੀ ਹੋਂਦ ਉੱਤੇ ਸ਼ੱਕ ਕਰਨ ਦੇ ਦੋਸ਼ ਵਿੱਚ ਜੇਲ੍ਹ ਵਿੱਚ ਸੁੱਟਿਆ ਜਾ ਸਕਦਾ ਹੈ ਅਤੇ ਫਾਂਸੀ ਦੀ ਸਜ਼ਾ ਵੀ ਹੋ ਸਕਦੀ ਹੈ। ਪਾਕਿਸਤਾਨ ਵਿੱਚ ਰੱਬ ਦੀ ਹੋਂਦ ਉੱਤੇ ਸ਼ੱਕ ਕਰਨ ਉੱਤੇ ਮੌਤ ਦੀ ਸਜ਼ਾ ਦੇਣ ਲਈ ਕਨੂੰਨ ਬਣਿਆ ਹੋਇਆ ਹੈ। ਗਰੇਟਾ ਲਈ ਦੂਜਾ ਕਾਰਣ 2015 ਵਿੱਚ ਅਤਿਵਾਦੀਆਂ ਵੱਲੋਂ ਪੈਰਿਸ ਫਰਾਂਸ ਵਿੱਚ ਚਾਰਲੀ ਹੇਬਡੋ (Charlie Hebdo ) ਮੈਗਜ਼ੀਨ ਦੇ ਮੁਲਾਜ਼ਮਾਂ ਦੇ ਕਤਲੇਆਮ ਤੋਂ ਬਾਅਦ ਯੂਨਾਈਟਡ ਚਰਚ ਦਾ ਪ੍ਰਤੀਕਰਮ ਰਿਹਾ। ਯੂਨਾਈਨਡ ਚਰਚ ਵੱਲੋਂ ਚਾਰਲੀ ਹੇਬਡੋ ਰਿਸਾਲੇ ਦੇ ਮਾਰੇ ਗਏ ਵਿਅਕਤੀਆਂ ਲਈ ਰੱਬ ਨੂੰ ਪ੍ਰਾਰਥਨਾ ਕੀਤੀ ਸੀ। ਗਰੇਟਾ ਨੇ ਚਰਚ ਨੂੰ ਇੱਕ ਖੁੱਲਾ ਪੱਤਰ ਲਿਖ ਕੇ ਸੁਆਲ ਕੀਤਾ ਸੀ ਕਿ ਜਦੋਂ ਤੁਸੀਂ ਕਿਸੇ ਅਣਡਿੱਠ ਸ਼ਕਤੀ ਵਿੱਚ ਯਕੀਨ ਕਰਨ ਵਾਲੀ ਅਰਦਾਸ ਕਰਦੇ ਹੋ ਤਾਂ ਤੁਸੀਂ ਵੀ ਉਸ ਅਣਡਿੱਠ ਸ਼ਕਤੀ ਦਾ ਨਾਮ ਲੈ ਕੇ ਪ੍ਰਾਰਥਾਨਾਵਾਂ ਕਰ ਰਹੇ ਹੋ ਜਿਸਦਾ ਨਾਮ ਲੈ ਕੇ ਅਤਿਵਦੀ ਕਤਲੇਆਮ ਕਰਦੇ ਹਨ।

ਸਤੰਬਰ ਵਿੱਚ 2016 ਵਿੱਚ ਯੂਨਾਈਟਡ ਚਰਚ ਦੇ ਉੱਚ ਅਧਿਕਾਰੀਆਂ ਦਾ ਆਖਣਾ ਸੀ ਕਿ ਨਾਸਤਿਕ ਗਰੇਟਾ ਨੂੰ ਇਸ ਅਹੁਦੇ ਉੱਤੇ ਨਹੀਂ ਰੱਖਿਆ ਜਾ ਸਕਦਾ ਅਤੇ ਉਸਦਾ ਮਾਮਲਾ ਫੈਸਲੇ ਲਈ ਚਰਚ ਦੀ ਜਨਰਲ ਕਾਉਂਸਲ ਕੋਲ ਭੇਜਿਆ ਗਿਆ। ਚਰਚ ਆਉਣ ਵਾਲੇ ਬਹੁਤ ਲੋਕ ਗਰੇਟਾ ਨਾਲ ਹਮਦਰਦੀ ਰੱਖਦੇ ਸਨ ਜਿਸ ਕਾਰਣ ਉਸਨੂੰ ਹਟਾਇਆ ਨਹੀਂ ਸੀ ਗਿਆ। ਬੀਤੇ ਹਫ਼ਤੇ ਚਰਚ ਨੇ ਸੈਟਲਮੈਂਟ ਕਰਕੇ ਗਰੇਟਾ ਦੇ ਸਿੱਖਿਆ ਦੇਣ ਦੇ ਅਧਿਕਾਰ ਨੂੰ ਬਰਕਰਾਰ ਰੱਖਿਆ ਹੈ। ਨੋਟ ਕਰਨ ਵਾਲੀ ਗੱਲ ਹੈ ਕਿ ਰੱਬ ਵਿੱਚ ਯਕੀਨ ਨਾ ਕਰਨ ਵਾਲੀ ਗਰੇਟਾ ਵੋਸਪਰ ਇੱਕਲੀ ਨਹੀਂ ਹੈ। 2011 ਵਿੱਚ The Clergy Project ਨਾਮਕ ਇੱਕ ਆਨਲਾਈਨ ਪਲੇਟਫਾਰਮ ਹੋਂਦ ਵਿੱਚ ਆਇਆ ਸੀ ਜਿਸਦੇ 750 ਤੋਂ ਵੱਧ ਮੈਂਬਰ ਹਨ। ਇਹ ਪ੍ਰੋਜੈਕਟ ਦਾ ਮਕਸਦ ਗਰੇਟਾ ਵੋਸਪਰ ਵਰਗੇ ਲੋਕਾਂ ਦੀ ਮਦਦ ਕਰਨਾ ਹੈ। ਹਾਲੈਂਡ ਵਿੱਚ ਫਰੀ ਯੂਨੀਵਰਸਿਟੀ ਵੱਲੋਂ ਕਰਵਾਏ ਗਏ ਇੱਕ ਸਰਵੇਖਣ ਮੁਤਾਬਕ 17% ਪ੍ਰੋਟੈਸਟੈਂਟ ਪਾਦਰੀਆਂ ਦਾ ਰੱਬ ਵਿੱਚ ਯਕੀਨ ਨਹੀਂ ਸੀ। ਇੱਕ ਹੋਰ ਸਰਵੇਖਣ ਮੁਤਾਬਕ ਚਰਚ ਆਫ ਇੰਗਲੈਂਡ (Church of England) ਦੇ 16% ਲਾਇਸੰਸਸ਼ੁਦਾ ਪਾਦਰੀ ਰੱਬ ਵਿੱਚ ਯਕੀਨ ਨਹੀਂ ਰੱਖਦੇ।

ਗਰੇਟਾ ਵੋਸਪਰ ਦਾ ਕੇਸ ਇੱਕ ਦਿਲਚਸਪ ਸੁਆਲ ਖੜਾ ਕਰਦਾ ਹੈ ਕਿ ਕੀ ਧਰਮ ਅਤੇ ਜੀਵਨ ਜਾਚ ਦੀ ਸਿੱਖਿਆ ਦੇਣ ਲਈ ਨਾਸਤਿਕ ਪਰ ਸੱਚਾ ਵਿਅਕਤੀ ਸਹੀ ਹੈ ਜਾਂ ਨਹੀਂ? ਇਹ ਸੁਆਲ ਸਿੱਖ, ਹਿੰਦੂ ਅਤੇ ਇਸਲਾਮਿਕ ਧਰਮਾਂ ਦੇ ਪਰੀਪੇਖ ਵਿੱਚ ਹੋਰ ਵੀ ਦਿਲਚਸਪ ਹੋ ਸਕਦਾ ਹੈ ਜਿੱਥੇ ਅਜਿਹੀ ਚਰਚਾ ਹੀ ਨਹੀਂ ਕੀਤੀ ਜਾਂਦੀ। ਹਾਲਾਂਕਿ ਜ਼ਿਆਦਾਤਰ ਲੋਕ ਸਮਝਦੇ ਹਨ ਕਿ ਧਾਰਮਿਕ ਅਸਥਾਨਾਂ ਉੱਤੇ ਕੰਮ ਕਰਨ ਵਾਲੇ ਕਾਫੀ ਪਰਚਾਰਕ ਅਤੇ ਸਿੱਖਿਆ ਦੇਣ ਵਾਲੇ ਕਿਰਦਾਰ ਦੇ ਬਹੁਤ ਕਮਜ਼ੋਰ ਹੁੰਦੇ ਹਨ। ਧਾਰਮਿਕ ਅਸਥਾਨਾਂ ਦੇ ਅੰਦਰ ਔਰਤਾਂ ਅਤੇ ਬੱਚਿਆਂ ਨਾਲ ਵਿਸ਼ਵਾਸ਼ਘਾਤ ਕਰਨ ਵਾਲੇ ਧਰਮ ਦੇ ਠੇਕੇਦਾਰ ਹਰ ਧਰਮ ਵਿੱਚ ਮਿਲਦੇ ਹਨ। ਕੀ ਉਹਨਾਂ ਨੂੰ ਰੱਬ ਵਿੱਚ ਯਕੀਨ ਕਰਨ ਵਾਲੇ ਮੰਨਿਆ ਜਾ ਸਕਦਾ ਹੈ?

ਕੀ ਅਸੀਂ ਸੋਚ ਸਕਦੇ ਹਾਂ ਕਿ ਗਰੇਟਾ ਵੋਸਪਰ ਵਰਗਾ ਕੋਏ ਨਾਸਤਿਕ ਵਿਅਕਤੀ ਕਿਸੇ ਮਸਜਿਦ ਵਿੱਚ ਮੌਲਵੀ, ਗੁਰਦੁਆਰੇ ਵਿੱਚ ਗ੍ਰੰਥੀ ਜਾਂ ਮੰਦਰ ਵਿੱਚ ਪੁਜਾਰੀ ਹੋ ਸਕਦਾ ਹੈ? ਇਸਦਾ ਅਰਥ ਇਹ ਨਹੀਂ ਕਿ ਧਾਰਮਿਕ ਸਥਾਨਾਂ ਉੱਤੇ ਮੱਥਾ ਟੇਕਣ ਜਾਂ ਪੂਜਾ ਅਰਚਨਾ ਕਰਨ ਵਾਲਿਆਂ ਦਾ ਰੱਬ ਵਿੱਚ ਯਕੀਨ ਨਹੀਂ ਹੁੰਦਾ। ਗਰੇਟਾ ਦਾ ਕੇਸ ਸਾਹਮਣੇ ਆਉਣ ਤੋਂ ਬਾਅਦ ਯੂਨਾਈਟਡ ਚਰਚ ਵੱਲੋਂ ਕਰਵਾਏ ਗਏ ਇੱਕ ਸਰਵੇਖਣ ਵਿੱਚ ਪਾਇਆ ਗਿਆ ਹੈ ਕਿ ਚਰਚ ਵਿੱਚ ਆਉਣ ਵਾਲੇ 95% ਲੋਕ ਰੱਬ ਵਿੱਚ ਯਕੀਨ ਕਰਦੇ ਹਨ। ਸੋ ਸੁਆਲ ਲੋਕਾਂ ਦਾ ਨਹੀਂ ਸਗੋਂ ਧਰਮ ਨਾਲ ਜੁੜੇ ਉਹਨਾਂ ਲੋਕਾਂ ਬਾਰੇ ਹੈ ਜੋ ਆਡੰਬਰ ਨੂੰ ਰੱਬ ਦਾ ਕੰਮ ਬਣਾ ਕੇ ਆਪਣੀਆਂ ਦੁਕਾਨਾਂ ਚਲਾ ਰਹੇ ਹਨ।

## ਬਾਦਲ ਦੀ ਸੁਰੱਖਿਆ ਉਲੰਘ ਕੇ ਪਿਸਤੌਲ ਵਾਲਾ ਬੰਦਾ ਉਸ ਕਮਰੇ ਵਿੱਚ ਜਾ ਵੜਿਆ

ਬਠਿੰਡਾ, 11 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸੁਰੱਖਿਆ ਦੀ ਢਿੱਲ ਦਾ ਮਾਮਲਾ ਉਸ ਵੇਲੇ ਸਾਹਮਣੇ ਆਇਆ ਜਦੋਂ ਉਹ ਆਪਣੇ ਪਿੰਡ ਜਾਂਦੇ ਹੋਏ ਰਸਤੇ ਵਿੱਚ ਘੁੱਦਾ ਵਿਖੇ ਅਕਾਲੀ ਆਗੂ ਦੇ ਪੈਟਰੋਲ ਪੰਪ ਉੱਤੇ ਰੁਕੇ ਅਤੇ ਕੁਝ ਦੇਰ ਉਨ੍ਹਾਂ ਨੇ ਓਥੇ ਆਰਾਮ ਕੀਤਾ।

ਕੱਲ੍ਹ ਦੁਪਹਿਰ ਜਦੋਂ ਪ੍ਰਕਾਸ਼ ਸਿੰਘ ਬਾਦਲ ਓਥੇ ਪੈਟਰੋਲ ਪੰਪ ਦੇ ਕਮਰੇ ਵਿੱਚ ਆਰਾਮ ਕਰਨ ਪਹੁੰਚੇ, ਉਦੋਂ ਥਾਣਾ ਨੰਦਗੜ੍ਹ ਦਾ ਮੁਖੀ ਸਬ ਇੰਸਪੈਕਟਰ ਭੁਪਿੰਦਰ ਸਿੰਘ ਸਾਦੀ ਵਰਦੀ ਵਿੱਚ ਕਮਰੇ ਵਿੱਚ ਗਿਆ। ਉਸ ਸਮੇਂ ਉਸ ਦੇ ਪਿੱਛੇ ਇਕ ਹੋਰ ਅਣਪਛਾਤਾ ਵਿਅਕਤੀ ਕਮਰੇ ਵਿੱਚ ਦਾਖਲ ਹੋ ਗਿਆ। ਸਾਬਕਾ ਮੁੱਖ ਮੰਤਰੀ ਦੀ ਸੁਰੱਖਿਆ ਵਿੱਚ ਲੱਗੇ ਐਸ ਪੀ ਹਰਮੀਕ ਸਿੰਘ ਦਿਓਲ ਦੀ ਨਜ਼ਰ ਉਸ ਵਿਅਕਤੀ 'ਤੇ ਨਜ਼ਰ ਪਈ ਤਾਂ ਉਨ੍ਹਾਂ ਨੇ ਉਸ ਨੂੰ ਘੇਰ ਲਿਆ ਤੇ ਤਲਾਸ਼ੀ ਲੈਣ ਉੱਤੇ ਉਸ ਕੋਲੋਂ ਰਿਵਾਲਵਰ ਬਰਾਮਦ ਹੋਇਆ। ਉਦੋਂ ਥਾਣਾ ਮੁਖੀ ਭੁਪਿੰਦਰ ਸਿੰਘ ਨੇ ਕਿਹਾ ਕਿ ਇਹ ਰਿਵਾਲਵਰ ਉਸ ਦਾ ਹੈ, ਜਦ ਕਿ ਉਹ ਵਿਅਕਤੀ ਉਨ੍ਹਾਂ ਦਾ ਨਿੱਜੀ ਲਾਂਗਰੀ ਹੈ। ਸੁਰੱਖਿਆ ਅਧਿਕਾਰੀ ਨੇ ਥਾਣਾ ਮੁਖੀ ਨੂੰ ਝਾੜ ਪਾਈ ਅਤੇ ਕਿਹਾ ਕਿ ਉਸ ਦਾ ਰਿਵਾਲਵਰ ਲਾਂਗਰੀ ਕੋਲ ਕਿਵੇਂ ਗਿਆ, ਉਸ ਦੀ ਆਪਣੀ ਕੀ ਪਛਾਣ ਹੈ, ਜਦ ਕਿ ਥਾਣਾ ਮੁਖੀ ਉਦੋਂ ਸਿਵਲ ਵਰਦੀ ਵਿੱਚ ਸੀ। ਇਸ ਮਾਮਲੇ ਦੀ ਗੰਭੀਰਤਾ ਦੇਖਦਿਆਂ ਸੁਰੱਖਿਆ ਅਧਿਕਾਰੀ ਨੇ ਇਸ ਦੀ ਸੂਚਨਾ ਤੁਰੰਤ ਐਸ ਐਸ ਪੀ ਡਾ. ਨਾਨਕ ਸਿੰਘ ਨੂੰ ਦਿੱਤੀ ਜਿਨ੍ਹਾਂ ਨੇ ਕਿਹਾ ਕਿ ਉਹ ਇਸ ਥਾਣਾ ਮੁਖੀ ਵਿਰੁੱਧ ਕਾਰਵਾਈ ਕਰਨਗੇ। ਸੁਰੱਖਿਆ ਅਧਿਕਾਰੀ ਨੇ ਦੱਸਿਆ ਕਿ ਪਾਲੀ ਨਾਮਕ ਲਾਂਗਰੀ ਨੂੰ ਫੜ ਕੇ ਪੁਲਸ ਦੇ ਹਵਾਲੇ ਕਰ ਦਿੱਤਾ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਲਾਂਗਰੀ ਉੱਤੇ ਕੋਈ ਕਾਰਵਾਈ ਨਹੀਂ ਹੋਈ। ਇਸ ਬਾਰੇ ਲਾਈਨ ਹਾਜ਼ਰ ਕੀਤੇ ਗਏ ਸਬ ਇੰਸਪੈਕਟਰ ਭੁਪਿੰਦਰ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਰਿਵਾਲਵਰ ਗੱਡੀ ਵਿੱਚ ਸੀ ਤੇ ਅਜਿਹਾ ਕੁਝ ਨਹੀਂ ਹੋਇਆ। ਐਸ ਐਸ ਪੀ ਨਾਨਕ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਤੁਰੰਤ ਥਾਣਾ ਮੁਖੀ ਨੂੰ ਸਸਪੈਂਡ ਕਰਕੇ ਲਾਈਨ ਹਾਜ਼ਰ ਕੀਤਾ ਗਿਆ ਹੈ। ਇਸ ਮਾਮਲੇ ਦੀ ਅਗਲੀ ਜਾਂਚ ਵੀ ਕੀਤੀ ਜਾਵੇਗੀ।

## ਰਾਸ਼ਟਰਵਾਦੀ ਆਗੂਆਂ ਤੋਂ ਕੌਮਾਂਤਰੀ ਸ਼ਾਂਤੀ ਨੂੰ ਖਤਰਾ : ਟਰੂਡੋ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਜਿਹੜੀਆਂ ਸੰਸਥਾਵਾਂ ਸਾਡੀ ਹਿਫਾਜ਼ਤ ਦੀ ਕੋਸ਼ਿਸ਼ ਕਰਦੀਆਂ ਹਨ ਜਦੋਂ ਅਜਿਹੇ ਬਿਆਨਾਂ ਤੋਂ ਲੋਕਾਂ ਨੂੰ ਲੱਗਣ ਲੱਗਦਾ ਹੈ ਕਿ ਹੁਣ ਅਜਿਹੀਆਂ ਸੰਸਥਾਵਾਂ ਸਾਡੀ ਹਿਫਾਜ਼ਤ ਨਹੀਂ ਕਰ ਸਕਦੀਆਂ ਤਾਂ ਉਹ ਰਾਸ਼ਟਰਵਾਦ, ਸਰਹੱਦਾਂ ਬੰਦ ਕਰਨ, ਵਪਾਰ ਬੰਦ ਕਰਨ ਆਦਿ ਵਰਗੇ ਸੁਖਾਲੇ ਜਵਾਬ ਲੱਭਣ ਲੱਗਦੇ ਹਨ। ਮੈਕਰੌਨ, ਟਰੂਡੋ ਤੇ ਹੋਰ ਆਗੂ ਪੈਰਿਸ ਇਸ ਆਸ ਨਾਲ ਆਏ ਸਨ ਕਿ ਪਹਿਲੀ ਵਿਸ਼ਵ ਜੰਗ ਦੇ 100ਵੇਂ ਯਾਦਗਾਰੀ ਸਮਾਰੋਹ ਨੂੰ ਦੁਨੀਆਂ ਭਰ ਵਿੱਚ ਤਣਾਅ ਘੱਟ ਕਰਨ ਵਰਗੇ ਸੁਨੇਹਿਆਂ ਨਾਲ ਅਰਥਭਰਪੂਰ ਬਣਾਇਆ ਜਾਵੇ। ਮੈਕਰੌਨ ਨੇ ਇਸ ਮੌਕੇ ਚੇਤਾਵਨੀ ਦਿੰਦਿਆਂ ਆਖਿਆ ਕਿ ਸ਼ਾਂਤੀ ਇਸ ਸਮੇਂ ਕਾਫੀ ਨਾਜ਼ੁਕ ਦੌਰ ਤੋਂ ਲੰਘ ਰਹੀ ਹੈ। ਉਨ੍ਹਾਂ ਆਖਿਆ ਕਿ ਚਾਰ ਸਾਲ ਚੱਲੀ ਵਿਸ਼ਵ ਜੰਗ ਕਾਰਨ ਕਈ ਕੀਮਤੀ ਜਾਨਾਂ ਗਈਆਂ ਤੇ ਇੰਜ ਲੱਗ ਰਿਹਾ ਹੈ ਕਿ ਫਿਰ ਇੱਕ ਵਾਰੀ ਜੰਗ ਵਾਲਾ ਮਾਹੌਲ ਬਣ ਰਿਹਾ ਹੈ। ਉਨ੍ਹਾਂ ਆਖਿਆ ਕਿ ਇਸ ਜੰਗ ਦੇ ਨਿਸ਼ਾਨ ਕਦੇ ਨਹੀਂ ਮਿਟ ਸਕਦੇ। ਉਨ੍ਹਾਂ ਉੱਥੇ ਮੌਜੂਦ ਸਾਰੇ ਆਗੂਆਂ ਤੋਂ ਵਾਅਦਾ ਲਿਆ ਕਿ ਉਹ ਆਪਣੇ ਲੋਕਾਂ ਨੂੰ ਯਕੀਨ ਦਿਵਾਉਣ ਕਿ ਦੁਬਾਰਾ ਅਜਿਹੀਆਂ ਘਟਨਾਵਾਂ ਨਹੀਂ ਵਾਪਰਨਗੀਆਂ।

## ਬੇਅਦਬੀ ਘਟਨਾਵਾਂ ਦੀ ਵਿਸ਼ੇਸ਼ ਜਾਂਚ ਟੀਮ ਵੱਲੋਂ ਦੋਵੇਂ ਬਾਦਲਾਂ ਤੇ ਅਕਸ਼ੈ ਕੁਮਾਰ ਨੂੰ ਸੰਮਨ ਜਾਰੀ

...ਪੰਨਾ 1 ਦਾ ਬਾਕੀ

ਇਸ ਤੋਂ ਪਹਿਲਾਂ ਜਾਂਚ ਟੀਮ ਦੇ ਸੱਦਣ ਉੱਤੇ ਐਡੀਸ਼ਨਲ ਡੀ ਜੀ ਪੀ ਜਤਿੰਦਰ ਜੈਨ, ਆਈ ਜੀ ਪਰਮਰਾਜ ਸਿੰਘ ਉਮਰਾਨੰਗਲ, ਆਈ ਜੀ ਅਮਰ ਸਿੰਘ ਚਾਹਲ, ਫ਼ਰੀਦਕੋਟ ਦੇ ਸਾਬਕਾ ਡਿਪਟੀ ਕਮਿਸ਼ਨਰ ਐਮ ਐਸ ਜੱਗੀ, ਏਸੇ ਜਿਲੇ ਦੇ ਸਾਬਕਾ ਪੁਲਸ ਮੁਖੀ ਐਸ ਐਸ ਮਾਨ, ਸਾਬਕਾ ਅਕਾਲੀ ਵਿਧਾਇਕ ਮਨਤਾਰ ਸਿੰਘ ਬਰਾੜ ਇਸ ਜਾਂਚ ਟੀਮ ਅੱਗੇ ਪੇਸ਼ ਹੋ ਕੇ ਆਪੋ ਆਪਣੇ ਬਿਆਨ ਦਰਜ ਕਰਵਾ ਚੁੱਕੇ ਹਨ। ਜਾਂਚ ਟੀਮ ਇਸ ਤੋਂ ਪਹਿਲਾਂ 30 ਪੁਲੀਸ ਅਫ਼ਸਰਾਂ ਅਤੇ ਮੁਲਾਜ਼ਮਾਂ ਤੇ ਪੰਜਾਹ ਹੋਰ ਲੋਕਾਂ ਤੋਂ ਪੁੱਛਗਿੱਛ ਕਰ ਚੁੱਕੀ ਹੈ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀਆਂ ਸ਼ਿਫਾਰਸਾਂ ਦੇ ਅਧਾਰ ਉੱਤੇ ਬਣਾਈ ਗਈ ਪੰਜ ਮੈਂਬਰੀ ਵਿਸ਼ੇਸ਼ ਜਾਂਚ ਟੀਮ ਨੇ ਪਿਛਲੇ ਮਹੀਨੇ ਜਾਂਚ ਦਾ ਕੰਮ ਸ਼ੁਰੂ ਕੀਤਾ ਤੇ ਪੰਜਾਬ ਸਰਕਾਰ ਨੇ ਇਸ ਬਾਰੇ ਕਿਹਾ ਸੀ ਕਿ ਇਸ ਜਾਂਚ ਟੀਮ ਦੀ ਰਿਪੋਰਟ ਅਦਾਲਤ ਵਿੱਚ ਪੇਸ਼ ਕੀਤੀ ਜਾਵੇਗੀ। ਇਸ ਦੌਰਾਨ ਚੰਡੀਗੜ੍ਹ ਵਿੱਚ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਹੈ ਕਿ ਦੋਵੇਂ ਬਾਦਲ ਵਿਸ਼ੇਸ਼ ਜਾਂਚ ਟੀਮ ਅੱਗੇ ਪੇਸ਼ ਹੋਣਗੇ। ਇਹ ਫੈਸਲਾ ਅੱਜ ਪਾਰਟੀ ਦੀ ਕੋਰ ਕਮੇਟੀ ਨੇ ਲੈ ਲਿਆ ਹੈ।

## ਰਣਜੀਤ ਸਿੰਘ ਬ੍ਰਹਮਪੁਰਾ ਤੇ ਅਜਨਾਲਾ ਨੂੰ ਅਕਾਲੀ ਦਲ ਵਿੱਚੋਂ ਛੇ ਸਾਲਾਂ ਲਈ ਕੱਢ ਦਿੱਤਾ ਗਿਆ

...ਪੰਨਾ 1 ਦਾ ਬਾਕੀ


ਰਵਿੰਦਰ ਸਿੰਘ ਬ੍ਰਹਮਪੁਰਾ


ਅਮਰਪਾਲ ਸਿੰਘ ਬੋਨੀ

ਬੈਂਸ ਨੇ ਕਿਹਾ ਕਿ ਪਾਰਟੀ ਨੇ ਦੋਵਾਂ ਆਗੂਆਂ ਦੇ ਕਹੇ ਉੱਤੇ ਉਨ੍ਹਾਂ ਦੇ ਨੇੜਲੇ ਰਿਸ਼ਤੇਦਾਰਾਂ ਨੂੰ ਟਿਕਟਾਂ ਦਿੱਤੀਆਂ ਅਤੇ ਹੋਰ ਵਿਅਕਤੀਆਂ ਨੂੰ ਅਹੁਦਿਆਂ ਨਾਲ ਨਿਵਾਜਿਆ ਹੈ। ਉਨ੍ਹਾਂ ਕਿਹਾ ਕਿ ਕੋਰ ਕਮੇਟੀ ਦੀ ਰਾਏ ਹੈ ਕਿ ਅਨੁਸ਼ਾਸਨਹੀਣਤਾ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ, ਇਸ ਕਰ ਕੇ ਇਹ ਫੈਸਲਾ ਲਿਆ ਹੈ।

ਹੇਠੋਂ ਇਸ ਬਾਰੇ ਫੌਰੀ ਤੌਰ ਉੱਤੇ ਮਿਲੀਆਂ ਰਿਪੋਰਟਾਂ ਮੁਤਾਬਕ ਕੋਰ ਕਮੇਟੀ ਦੇ ਇਸ ਫੈਸਲੇ ਨਾਲ ਅਕਾਲੀ ਦਲ ਨੂੰ ਮਾਝੇ ਵਿਚ ਵੱਡੀ ਢਾਹ ਲੱਗਣ ਦੇ ਆਸਾਰ ਹਨ ਅਤੇ ਇਨ੍ਹਾਂ ਆਗੂਆਂ ਕੋਲ ਨਵੀਂ ਪਾਰਟੀ ਬਣਾਉਣ ਬਿਨਾਂ ਕੋਈ ਚਾਰਾ ਨਹੀਂ ਰਹਿ ਗਿਆ। ਕੋਰ ਕਮੇਟੀ ਦੇ ਅੱਜ ਦੇ ਫੈਸਲੇ ਨਾਲ ਅਕਾਲੀ ਦਲ ਵਿੱਚ ਪੰਜਾਬ ਤੇ ਖਾਸ ਕਰ ਕੇ ਮਾਝਾ ਖੇਤਰ ਵਿਚ ਖਿੱਚੋਤਾਣ ਇੱਕਦਮ ਤੇਜ਼ ਹੋ ਗਈ ਹੈ। ਪਾਰਟੀ ਤੋਂ ਕੱਢੇ ਗਏ ਆਗੂ ਚੁੱਪ ਕਰ ਕੇ ਨਹੀਂ ਬੈਠਣ ਲੱਗੇ ਤੇ ਉਹ ਅਗਲੇ ਦਿਨਾਂ ਵਿਚ ਅਕਾਲੀ ਦਲ ਦੀ ਲੀਡਰਸ਼ਿਪ ਦੇ ਖਿਲਾਫ਼ ਜੰਗ ਵਿੱਢ ਦੇਣਗੇ। ਇਸ ਨਾਲ ਮਾਝੇ ਦੇ ਬਾਗੀ ਅਕਾਲੀਆਂ ਤੇ ਦੂਜੇ ਧੜੇ ਵਿਚਾਲੇ ਤਿੱਖੀ ਲੜਾਈ ਹੋਵੇਗੀ, ਜਿਸ ਦਾ ਮੁੱਢ ਆਗੂਆਂ ਵੱਲੋਂ ਅਕਾਲੀ ਦਲ ਦੇ ਅਹੁਦਿਆ ਤੋਂ ਅਸਤੀਫੇ ਦੇਣ ਵੇਲੇ ਹੀ ਬੱਝ ਗਿਆ ਸਮਝਿਆ ਜਾਣ ਲੱਗ ਪਿਆ ਸੀ ਤੇ ਅੱਜ ਗੱਲ ਅੱਗੇ ਵਧ ਗਈ ਹੈ।

ਅੱਜ ਦੇ ਅਕਾਲੀ ਦਲ ਦੀ ਕੋਰ ਕਮੇਟੀ ਦੇ ਫੈਸਲੇ ਪਿੱਛੋਂ ਸਾਬਕਾ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਫ਼ੈਸਲੇ ਦਾ ਉਸੇ ਦਿਨ ਤੋਂ ਪਤਾ ਸੀ, ਜਦੋਂ ਉਨ੍ਹਾਂ ਨੇ ਅਹੁਦਿਆਂ ਤੋਂ ਅਸਤੀਫੇ ਦਿੱਤੇ ਸਨ। ਉਨ੍ਹਾਂ ਕਿਹਾ ਕਿ ਅਸੀਂ ਪੰਜ-ਸੱਤ ਦਿਨਾਂ ਵਿਚ ਮੀਟਿੰਗ ਕਰ ਕੇ ਅਗਲੇ ਕਦਮ ਤੈਅ ਕਰਾਂਗੇ, ਸਾਡੇ ਪੱਲੇ ਸੱਚ ਹੈ ਤੇ ਪਾਪੀਆਂ ਕੋਲ ਇਸ ਦਾ ਕੋਈ ਜਵਾਬ ਨਹੀਂ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਾਹ ਲਾਉਣ ਅਤੇ ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੀ ਹਸਤੀ ਦਾ ਸੱਤਿਆਨਾਸ ਕਰਨ ਵਿਰੁੱਧ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਤੇ ਬਿਕਰਮ ਸਿੰਘ ਮਜੀਠੀਆ ਦਾ ਅਸਤੀਫ਼ਾ ਮੰਗਿਆ ਸੀ, ਕਿਉਂਕਿ ਇਨ੍ਹਾਂ ਨੇ ਵੋਟਾਂ ਲੈਣ ਖਾਤਰ ਅਕਾਲ ਤਖਤ ਸਾਹਿਬ ਦੀ ਮਾਣ ਮਰਿਆਦਾ ਦਾ ਬਹੁਤ ਨੁਕਸਾਨ ਕੀਤਾ ਹੈ ਤੇ ਵੱਡੇ ਬਾਦਲ ਸਾਹਿਬ ਇਨ੍ਹਾਂ ਦੇ ਕਹੇ ਉੱਤੇ ਉਸ ਤਖਤ ਦੇ ਜਥੇਦਾਰਾਂ ਨੂੰ ਆਪਣੀ ਕੋਠੀ ਵਿਚ ਸੱਦ ਕੇ ਫੈਸਲੇ ਕਰਾਉਂਦੇ ਰਹੇ ਹਨ, ਜਿਸ ਤਖ਼ਤ ਤੋਂ ਕਦੇ ਮਹਾਰਾਜਾ ਰਣਜੀਤ ਸਿੰਘ ਨੂੰ ਸਜ਼ਾ ਲਾਈ ਗਈ ਸੀ।

ਮਾਝਾ ਖੇਤਰ ਤੋਂ ਤਾਜ਼ਾ ਰਿਪੋਰਟਾਂ ਮਿਲ ਰਹੀਆਂ ਹਨ ਕਿ ਅਕਾਲੀ ਦਲ ਵੱਲੋਂ ਮਾਝੇ ਦੇ ਟਕਸਾਲੀ ਅਕਾਲੀ ਆਗੂਆਂ ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ, ਅਮਰਪਾਲ ਸਿੰਘ ਬੋਨੀ ਅਜਨਾਲਾ, ਰਵਿੰਦਰ ਸਿੰਘ ਬ੍ਰਹਮਪੁਰਾ ਨੂੰ ਪਾਰਟੀ ਤੋਂ ਕੱਢਣ ਨਾਲ ਮਾਝੇ ਵਿਚ ਸੰਕਟ ਹੋ ਸਕਦਾ ਹੈ। ਸਾਬਕਾ ਪਾਰਲੀਮੈਂਟ ਮੈਂਬਰ ਡਾ. ਰਤਨ ਸਿੰਘ ਅਜਨਾਲਾ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਪਾਰਟੀ ਨੇ ਪੰਜ ਸਾਲ ਪਹਿਲਾਂ ਹੀ ਕੱਢ ਦਿੱਤਾ ਸੀ, ਅੱਜ ਵਾਲੇ ਫ਼ੈਸਲੇ ਨਾਲ ਹੋਰ ਦੁੱਖ ਹੋਇਆ ਹੈ, ਪਰ ਉਹ ਜਨਮ ਜਾਤ ਅਕਾਲੀ ਹਨ ਤੇ ਪਾਰਟੀ ਦੇ ਭਲੇ ਖਾਤਰ ਹੀ ਬਿਆਨ ਦਿੱਤਾ ਸੀ, ਕੁਝ ਲੋਕਾਂ ਨੂੰ ਸੱਚ ਬੋਲਣਾ ਮਾੜਾ ਲਗਦਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਉੱਤੇ ਇਸ ਵੇਲੇ ਇਕ ਪਰਿਵਾਰ ਕਾਬਜ਼ ਹੈ ਤੇ ਤਾਨਾਸ਼ਾਹੀ ਫ਼ੈਸਲੇ ਹੋ ਰਹੇ ਹਨ, ਜਿਸ ਦਾ ਉਨ੍ਹਾਂ ਨੇ ਪਾਰਟੀ ਹਿੱਤ ਕਾਰਨ ਵਿਰੋਧ ਕੀਤਾ ਹੈ। ਦੂਜੇ ਪਾਸੇ ਬਾਦਲ ਧੜੇ ਨਾਲ ਜੁੜੇ ਇਕ ਸੀਨੀਅਰ ਆਗੂ ਨੇ ਕਿਹਾ ਕਿ ਪਾਰਟੀ ਨੇ ਇਨ੍ਹਾਂ ਮਝੈਲ ਆਗੂਆਂ ਦੀ ਨਾਰਾਜ਼ਗੀ ਦੂਰ ਕਰਨ ਦਾ ਯਤਨ ਕੀਤਾ ਸੀ, ਪਾਰਟੀ ਦੇ ਬੁਲਾਰੇ ਅਤੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਮਿਲਣ ਉਨ੍ਹਾਂ ਦੇ ਘਰ ਵੀ ਗਏ, ਪਰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਹਟਾਉਣ ਦੀ ਬ੍ਰਹਮਪੁਰਾ ਵੱਲੋਂ ਰੱਖੀ ਗਈ ਸ਼ਰਤ ਉੱਤੇ ਕੋਈ ਵੀ ਸਹਿਮਤ ਨਹੀਂ ਸੀ। ਅਕਾਲੀ ਆਗੂ ਨੇ ਮੰਨਿਆ ਕਿ ਅੱਜ ਦੇ ਫ਼ੈਸਲੇ ਨਾਲ ਪਾਰਟੀ ਨੂੰ ਨੁਕਸਾਨ ਹੋਵੇਗਾ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia
- Gyan Singh
- Angrej Singh
Office Admin Assistant - Priya Sodhi
Marketing Executives - HS Nagpal
- Gurpreet Singh Pall
-
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਸੀ ਬੀ ਆਈ ਦੇ ਡਾਇਰੈਕਟਰ ਆਲੋਕ ਵਰਮਾ ਕੇਂਦਰੀ ਵਿਜੀਲੈਂਸ ਕਮਿਸ਼ਨ ਅੱਗੇ ਪੇਸ਼ ਹੋਏ

ਨਵੀਂ ਦਿੱਲੀ, 11 ਨਵੰਬਰ, (ਪੋਸਟ ਬਿਊਰੋ)- ਕੇਂਦਰੀ ਜਾਂਚ ਏਜੰਸੀ ਸੀ ਬੀ ਆਈ ਦੇ ਡਾਇਰੈਕਟਰ ਆਲੋਕ ਵਰਮਾ ਅੱਜ ਲਗਾਤਾਰ ਦੂਸਰੇ ਦਿਨ ਸੈਂਟਰਲ ਵਿਜੀਲੈਂਸ ਕਮਿਸ਼ਨਰ ਕੇ ਪੀ ਚੌਧਰੀ ਦੀ ਅਗਵਾਈ ਵਾਲੇ ਪੈਨਲ ਦੇ ਸਾਹਮਣੇ ਪੇਸ਼ ਹੋਏ, ਜਿਥੇ ਉਨ੍ਹਾਂ ਤੋਂ ਸਪੈਸ਼ਲ ਡਾਇਰੈਕਟਰ ਰਾਕੇਸ਼ ਅਸਥਾਨਾ ਨੇ ਭ੍ਰਿਸ਼ਟਾਚਾਰ ਕਰਨ ਬਾਰੇ ਲਾਏ ਗਏ ਦੋਸ਼ਾਂ ਬਾਰੇ ਸਵਾਲ ਕੀਤੇ ਗਏ ਅਤੇ ਆਲੋਕ ਵਰਮਾ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਰੱਦ ਕਰ ਦਿੱਤਾ।

ਇਸ ਸੰਬੰਧ ਵਿੱਚ ਅਧਿਕਾਰੀਆਂ ਨੇ ਦੱਸਿਆ ਕਿ ਆਲੋਕ ਵਰਮਾ ਨੇ ਰਿਸ਼ਵਤ ਲੈਣ ਬਾਰੇ ਵਿਜੀਲੈਂਸ ਕਮਿਸ਼ਨਰ ਟੀ ਐਮ ਭਸੀਨ ਤੇ ਸ਼ਰਦ ਕੁਮਾਰ ਵੱਲੋਂ ਪੁੱਛੇ ਸਾਰੇ ਸਵਾਲਾਂ ਨੂੰ ਰੱਦ ਕਰ ਦਿੱਤਾ। ਇਸ ਮੌਕੇ ਸੁਪਰੀਮ ਕੋਰਟ ਵਲੋਂ ਸੀ ਵੀ ਸੀ ਉੱਤੇ ਨਿਗਰਾਨ ਲਾਏ ਗਏ ਸੁਪਰੀਮ ਕੋਰਟ ਦੇ ਸਾਬਕਾ ਜੱਜ ਏ ਕੇ ਪਟਨਾਇਕ ਵੀ ਮੌਜੂਦ ਸਨ। ਆਲੋਕ ਵਰਮਾ ਅੱਜ ਵਿਜੀਲੈਂਸ ਕਮਿਸ਼ਨ ਦੇ ਦਫਤਰ ਆਏ ਤੇ ਉਨ੍ਹਾਂ ਤੋਂ ਕਰੀਬ ਇੱਕ ਘੰਟਾ ਪੁੱਛਗਿੱਛ ਹੋਈ। ਉਨ੍ਹਾਂ ਸੀ ਵੀ ਸੀ ਦਫਤਰ ਦੇ ਬਾਹਰ ਉਡੀਕ ਕਰਦੇ ਮੀਡੀਆ ਕਰਮੀਆਂ ਦੇ ਸਵਾਲਾਂ ਦਾ ਕੋਈ ਜਵਾਬ ਨਹੀਂ ਦਿੱਤਾ।

ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਨੇ 26 ਅਕਤੂਬਰ ਨੂੰ ਸੈਂਟਰਲ ਵਿਜੀਲੈਂਸ ਕਮਿਸ਼ਨ ਨੂੰ ਨਿਰਦੇਸ਼ ਦਿੱਤਾ ਸੀ ਕਿ ਉਹ ਇਸ ਕੇਸ ਬਾਰੇ ਦੋ ਹਫਤਿਆਂ ਵਿਚ ਜਾਂਚ ਪੂਰੀ ਕਰਨ ਤੇ ਦੋ ਹਫਤੇ ਦਾ ਸਮਾਂ 11 ਨਵੰਬਰ ਨੂੰ ਪੂਰਾ ਹੋਣ ਪਿੱਛੋਂ ਸੁਪਰੀਮ ਕੋਰਟ ਨੇ 12 ਨਵੰਬਰ ਨੂੰ ਸੁਣਵਾਈ ਕਰਨੀ ਹੈ। ਇਸ ਤੋਂ ਪਹਿਲਾਂ ਸਰਕਾਰ ਨੇ ਡਾਇਰੈਕਟਰ ਆਲੋਕ ਵਰਮਾ ਤੇ ਐਡੀਸ਼ਨਲ ਡਾਇਰੈਕਟਰ ਰਾਕੇਸ਼ ਅਸਥਾਨਾ ਨੂੰ ਛੁੱਟੀ ਭੇਜ ਦਿੱਤਾ ਸੀ।

ਇਸ ਦੌਰਾਨ ਅੱਜ ਦੁਪਹਿਰ ਸੀ ਬੀ ਆਈ ਦੇ ਵਿਸ਼ੇਸ਼ ਡਾਇਰੈਕਟਰ ਰਾਕੇਸ਼ ਅਸਥਾਨਾ ਸੀ ਵੀ ਸੀ ਦਫਤਰ ਪੁੱਜੇ ਪਰ ਉਨ੍ਹਾਂ ਨੂੰ ਕੋਈ ਅਧਿਕਾਰੀ ਨਹੀਂ ਮਿਲਿਆ। ਇੱਕ ਅਧਿਕਾਰੀ ਨੇ ਦੱਸਿਆ ਕਿ ਅਸਥਾਨਾ ਨੇ ਅਗਾਊਂ ਪ੍ਰਵਾਨਗੀ ਨਹੀਂ ਸੀ ਲਈ, ਉਹ ਦਸ ਮਿੰਟ ਉਡੀਕ ਕਰਦੇ ਰਹੇ, ਪਰ ਸਾਰੇ ਅਧਿਕਾਰੀ ਮੀਟਿੰਗ ਵਿੱਚ ਰੁੱਝੇ ਹੋਣ ਕਾਰਨ ਮਿਲ ਨਹੀਂ ਸਕੇ।

## ਸਾਹਾ ਭਾਰਤ ਦੇ ਸਰਵਸ੍ਰੇਸ਼ਠ ਵਿਕਟਕੀਪਰ : ਗਾਂਗੁਲੀ

ਨਵੀਂ ਦਿੱਲੀ, 11 ਨਵੰਬਰ, (ਪੋਸਟ ਬਿਊਰੋ)- ਮੋਢੇ ਦੀ ਸੱਟ ਕਾਰਨ ਰਿਧੀਮਾਨ ਸਾਹਾ ਫਿਲਹਾਲ ਕ੍ਰਿਕਟ ਤੋਂ ਦੂਰ ਹਨ ਪਰ ਸਾਬਕਾ ਕਪਤਾਨ ਸੌਰਵ ਗਾਂਗੁਲੀ ਦਾ ਮੰਨਣਾ ਹੈ ਕਿ ਕਿ ਪਿਛਲੇ ਪੰਜ ਤੋਂ ਦਸ ਸਾਲਾਂ 'ਚ ਰਿਧੀਮਾਨ ਸਾਹਾ ਭਾਰਤ ਦੇ ਸਰਵਸ੍ਰੇਸ਼ਠ ਵਿਕਟਕੀਪਰ ਹਨ। ਦਸੰਬਰ 2014 'ਚ ਮਹਿੰਦਰ ਸਿੰਘ ਧੋਨੀ ਦੇ ਸੰਨਿਆਸ ਦੇ ਬਾਅਦ ਟੈਸਟ ਕ੍ਰਿਕਟ 'ਚ ਭਾਰਤ ਦੀ ਪਹਿਲੀ ਪਸੰਦ 34 ਸਾਲਾ ਦੇ ਸਾਹਾ ਮੋਢੇ ਦੀ ਸਰਜਰੀ ਦੇ ਬਾਅਦ ਰਿਹੈਬਲੀਟੇਸ਼ਨ ਤੋਂ ਗੁਜ਼ਰ ਰਹੇ ਹਨ। ਗਾਂਗੁਲੀ ਨੇ ਕਿਹਾ, "ਉਹ ਲਗਭਗ ਇਕ ਸਾਲ ਤੋਂ ਟੀਮ ਤੋਂ ਬਾਹਰ ਹਨ ਪਰ ਮੈਨੂੰ ਲਗਦਾ ਹੈ ਕਿ ਪਿਛਲੇ ਪੰਜ ਤੋਂ ਦਸ ਸਾਲ 'ਚ ਉਹ ਭਾਰਤ ਦੇ ਸਰਵਸ੍ਰੇਸ਼ਠ ਵਿਕਟਕੀਪਰ ਹਨ। ਉਮੀਦ ਕਰਦਾ ਹਾਂ ਕਿ ਉਹ ਫਿੱਟਨੈਸ ਸਬੰਧੀ ਸਮੱਸਿਆ ਤੋਂ ਉਬਰ ਜਾਣਗੇ।" ਯੁਵਾ ਰਿਸ਼ਭ ਪੰਤ ਨੇ ਆਪਣੇ ਟੈਸਟ ਕਰੀਅਰ ਦੀ ਪ੍ਰਭਾਵੀ ਸ਼ੁਰੂਆਤ ਕੀਤੀ ਅਤੇ ਉਹ ਆਗਾਮੀ ਆਸਟਰੇਲੀਆ ਦੌਰੇ 'ਤੇ ਜਾਣਗੇ। ਪੰਤ ਦੇ ਬੈਕਅਪ ਦੇ ਤੌਰ 'ਤੇ ਪਾਰਥਿਵ ਪਟੇਲ ਨੂੰ ਟੀਮ 'ਚ ਜਗ੍ਹਾ ਦਿੱਤੀ ਗਈ ਹੈ। ਭਾਰਤ ਵੱਲੋਂ 32 ਟੈਸਟ 'ਚ ਤਿੰਨ ਸੈਂਕੜੇ ਦੀ ਮਦਦ ਨਾਲ 1164 ਦੌੜਾਂ ਬਣਾਉਣ ਵਾਲੇ ਸਾਹਾ ਨੇ ਪਿਛਲੀ ਵਾਰ ਦੇਸ਼ ਦੀ ਨੁਮਾਇੰਦਗੀ ਇਸ ਸਾਲ ਦੀ ਸ਼ੁਰੂਆਤ 'ਚ ਕੇਪਟਾਊਨ ਟੈਸਟ ਦੇ ਦੌਰਾਨ ਕੀਤੀ ਸੀ।

## ਜਡੇਜਾ ਨੂੰ ਮੈਨ ਆਫ ਦਿ ਮੈਚ 'ਚ ਮਿਲਣ ਵਾਲਾ ਦਾ ਵਾਊਚਰ ਮਿਲਿਆ ਕੂੜੇ 'ਚੋਂ

ਨਵੀਂ ਦਿੱਲੀ, 11 ਨਵੰਬਰ, (ਪੋਸਟ ਬਿਊਰੋ)- ਕ੍ਰਿਕਟ ਦੇਖਦੇ ਸਮੇਂ ਤੁਸੀਂ ਸਾਰਿਆਂ ਨੇ ਦੇਖਿਆ ਹੋਵੇਗਾ ਕਿ ਮੈਚ ਦੇ ਬਾਅਦ ਜਦੋਂ ਵੀ ਕਿਸੇ ਖਿਡਾਰੀ ਨੂੰ ਕੋਈ ਪੁਰਸਕਾਰ ਦਿੱਤਾ ਜਾਂਦਾ ਹੈ। ਉਸ ਦੇ ਨਾਲ ਹੀ ਇਕ ਚੈਕ ਦਾ ਰੇਪਲਿਕਾ ਵੀ ਦਿੱਤਾ ਜਾਂਦਾ ਹੈ। ਇਹ ਵਾਊਚਰ ਖਿਡਾਰੀ ਨੂੰ ਉਸ ਦੇ ਪ੍ਰਦਰਸ਼ਨ ਦੇ ਆਧਾਰ 'ਤੇ ਦਿੱਤੇ ਜਾਂਦੇ ਹਨ। ਇਹ ਰੇਪਲਿਕਾ ਸਿਰਫ ਕੰਪਨੀ ਦੇ ਪ੍ਰਚਾਰ ਅਤੇ ਤਸਵੀਰ ਖਿਚਾਉਣ ਲਈ ਹੀ ਇਸਤੇਮਾਲ ਕੀਤੇ ਜਾਂਦੇ ਹਨ।

ਭਾਰਤ ਅਤੇ ਵਿੰਡੀਜ਼ ਵਿਚਾਲੇ ਖੇਡਿਆ ਗਿਆ ਪੰਜ ਮੈਚਾਂ ਦੀ ਵਨ ਡੇ ਸੀਰੀਜ਼ ਦਾ ਆਖਰੀ ਮੈਚ ਕੇਰਲ ਦੀ ਰਾਜਧਾਨੀ ਤਿਰੂਅੰਨਤਪੁਰਮ 'ਚ ਖੇਡਿਆ ਗਿਆ। ਜਿਸ 'ਚ ਭਾਰਤੀ ਟੀਮ ਨੇ ਵਨ ਡੇ ਮੈਚ ਨੂੰ ਜਿੱਤ ਲਿਆ ਸੀ। ਕੇਰਲ 'ਚ ਖੇਡੇ ਗਏ ਮੈਚ 'ਚ ਟੀਮ ਇੰਡੀਆ ਦੇ ਸਟਾਰ ਆਲਰਾਊਂਡਰ ਰਵਿੰਦਰ ਜਡੇਜਾ ਨੂੰ ਮੈਨ ਆਫ ਦਿ ਮੈਚ ਚੁਣਿਆ ਗਿਆ ਸੀ। ਇਸ ਦੇ ਨਾਲ ਹੀ ਉਨ੍ਹਾਂ ਨੂੰ 1 ਲੱਖ ਰੁਪਏ ਦਾ ਚੈਕ ਵੀ ਦਿੱਤਾ ਗਿਆ। ਇਹ ਚੈਕ ਦਾ ਵਾਊਚਰ ਕੂੜੇ ਦੇ ਢੇਰ 'ਚ ਮਿਲਿਆ ਹੈ, ਜਿਸ ਤੋਂ ਬਾਅਦ ਕੇਰਲਾ ਦੇ ਇਕ ਐੱਨ.ਜੀ.ਓ. ਨੇ ਉਸ ਦੀ ਤਸਵੀਰ ਸੋਸ਼ਲ ਮੀਡੀਆ 'ਤੇ ਸ਼ੇਅਰ ਕਰ ਦਿੱਤੀ ਹੈ ਜੋ ਹੁਣ ਤਸਵੀਰ ਕਾਫੀ ਵਾਇਰਲ ਹੋ ਰਹੀ ਹੈ।

ਕੇਰਲ ਦੇ ਇਕ ਐੱਨ.ਜੀ.ਓ. ਨੇ ਦਾਅਵਾ ਕੀਤਾ ਹੈ ਕਿ ਇਹ ਚੈਕ ਦਾ ਰੇਪਲਿਕਾ ਰਵਿੰਦਰ ਜਡੇਜਾ ਦਾ ਹੈ। ਦੱਸਿਆ ਜਾ ਰਿਹਾ ਹੈ ਕਿ ਇਕ ਕਰਮਚਾਰੀ ਨੂੰ ਸਟੇਡੀਅਮ ਤੋਂ ਕੂੜਾ ਚੁਣਨ ਦੇ ਦੌਰਾਨ ਇਹ ਰੇਪਲਿਕਾ ਮਿਲਿਆ ਹੈ। ਦੇਸ਼ 'ਚ ਪਹਿਲਾਂ ਹੀ ਵਾਤਾਰਣ ਨੂੰ ਲੈ ਕੇ ਬਹਿਸ ਦਾ ਦੌਰ ਚਲ ਰਿਹਾ ਹੈ ਜਿਸ 'ਚ ਸਰਕਾਰ ਦਾ ਧਿਆਨ ਇਸ ਚੀਜ਼ ਵੱਲ ਕਾਫੀ ਘੱਟ ਹੈ। ਐੱਨ.ਜੀ.ਓ. ਨੇ ਬੀ.ਸੀ.ਸੀ.ਆਈ. ਤੋਂ ਅਪੀਲ ਕੀਤੀ ਹੈ ਕਿ ਕ੍ਰਿਕਟ ਮੈਚ ਤੋਂ ਬਾਅਦ ਦਿੱਤੇ ਜਾਣ ਵਾਲੇ ਇਨ੍ਹਾਂ ਵਾਊਚਰ 'ਚ ਪਲਾਸਟਿਕ ਜਾਂ ਗੈਰ ਬਾਇਓ ਫ੍ਰੈਂਡਲੀ ਸਮਗਰੀ ਦਾ ਇਸਤੇਮਾਲ ਘੱਟ ਹੋਣਾ ਚਾਹੀਦਾ ਹੈ ਤਾਂ ਜੋ ਵਾਤਾਵਰਣ ਨੂੰ ਕੋਈ ਨੁਕਸਾਨ ਨਾ ਹੋਵੇ ਅਤੇ ਇਸ ਲਈ ਇਹ ਕਾਗਜ਼ ਦਾ ਕਿਉਂ ਨਹੀਂ ਬਣਨਾ ਚਾਹੀਦਾ ਹੈ। ਕਾਗਜ਼ ਆਸਾਨੀ ਨਾਲ ਨਸ਼ਟ ਹੋ ਜਾਂਦਾ ਹੈ ਅਤੇ ਪ੍ਰਦੂਸ਼ਣ ਵੀ ਨਹੀਂ ਹੁੰਦਾ ਹੈ।

PUNJABI RANG RADIO

CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

Aikam MEDIA GROUP


Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

KARTAR FURNITURE
ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ


ਕਰਤਾਰ ਫਰਨੀਚਰ
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਮਾਂ ਬੋਲੀ ਨੂੰ ਆਪਣੇ ਕਲਮਾਂ ਵਾਲਿਆਂ ਤੋਂ ਵੱਧ ਖਤਰਾ

–ਰਮੇਸ਼ਵਰ ਸਿੰਘ



ਮੈਂ ਮਰਚੈਂਟ ਨੇਵੀ ਵਿੱਚ ਆਪਣੀ ਨੌਕਰੀ ਵਿੱਚ ਵੇਖਿਆ ਕਿ 'ਆਲੂ ਤੇ ਪੰਜਾਬੀ ਸਾਰੀ ਦੁਨੀਆ ਵਿੱਚ' ਦੀ ਕਹਾਵਤ ਸੱਚ ਹੈ। ਜੋ ਸਾਡੀ ਮਾਂ ਬੋਲੀ ਦੇ ਨਿਘਾਰ ਦਾ ਜ਼ਿਕਰ ਕਰਦੇ ਹਨ, ਕੀ ਉਨ੍ਹਾਂ ਨੇ ਰਿਪੋਰਟ ਪੂਰੀ ਦੁਨੀਆ ਘੁੰਮ ਕੇ ਤਿਆਰ ਕੀਤੀ ਹੈ? ਜਿਥੇ ਵੀ ਦੋ ਚਾਰ ਪੰਜਾਬੀ ਬੈਠੇ ਹਨ, ਪੰਜਾਬੀ ਬੋਲੀ, ਪੰਜਾਬੀ ਪਹਿਰਾਵਾ ਤੇ ਪੰਜਾਬੀ ਖਾਣਾ ਆਪਣੇ ਅਸਲ ਰੂਪ ਵਿੱਚ ਮੌਜੂਦ ਹੈ। ਯੂਰਪ ਵਿੱਚ 'ਨਾਨੀ ਦੀ ਦੁਕਾਨ' ਮੌਜੂਦ ਹੈ। ਨਾਨੀ ਨਾ ਰਹੀ, ਪਰ ਉਸ ਦਾ ਪੰਜਾਬੀ ਵਿਰਸਾ ਜ਼ਿੰਦਾ ਹੈ। ਗੋਰੇ ਵੀ ਉਸ ਨੂੰ ਨਾਨੀ ਦੀ ਦੁਕਾਨ ਕਹਿੰਦੇ ਹਨ। ਆਪਣੀ ਮਰਜ਼ੀ ਤੇ ਸੌਖ ਲਈ ਜਿਵੇਂ ਉਨ੍ਹਾਂ ਨੇ ਭਾਰਤ ਨੂੰ ਇੰਡੀਆ ਬਣਾ ਦਿੱਤਾ ਤੇ ਅਸੀਂ ਮਨਜ਼ੂਰ ਕਰ ਲਿਆ, ਉਸੇ ਤਰ੍ਹਾਂ ਉਹ 'ਨਾਨੀ ਦੀ ਦੁਕਾਨ' ਦਾ ਤਰਜਮਾ ਕਰਕੇ ਇਸ ਨੂੰ ਆਪਣਾ ਕੋਈ ਨਾਂਅ ਕਿਉਂ ਨਹੀਂ ਦੇ ਦਿੰਦੇ? ਉਨ੍ਹਾਂ ਨੇ ਨਹੀਂ ਦਿੱਤਾ। ਦੇ ਵੀ ਸਕਦੇ। ਪੰਜਾਬੀ ਜ਼ੁਬਾਨ ਹੀ ਅਜਿਹੀ ਹੈ।

ਇਕ ਖਾਸ ਉਦਾਹਰਣ ਹੈ, ਆਪਣੀ ਇਕ ਪੰਜਾਬੀ ਭੈਣ ਨੇ ਘਰ ਵਿੱਚ ਖਾਣ ਲਈ ਕੜਾਹ ਬਣਾ ਲਿਆ। ਥੋੜ੍ਹਾ ਚੜ੍ਹ ਗਿਆ, ਸੁਆਦ ਵਿੱਚ ਫਰਕ ਆਉਣਾ ਹੀ ਸੀ। ਘਰ ਵਾਲਿਆਂ ਨੇ ਖਾਣ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਦੀ ਯੂਰਪੀਨ ਖਾਣੇ ਦੀ ਦੁਕਾਨ ਸੀ। ਉਸ ਬੀਬੀ ਨੇ ਦੁਕਾਨ 'ਤੇ ਵੇਚਣ ਲਈ ਰੱਖ ਦਿੱਤਾ। ਗੋਰਿਆਂ ਨੂੰ ਇਹ ਏਨਾ ਸੁਆਦ ਲੱਗਾ ਕਿ ਚਾਰ ਪੰਜ ਦਹਾਕਿਆਂ ਤੋਂ ਉਸ ਭੈਣ ਦਾ ਪਰਵਾਰ ਕੜਾਹ ਨੂੰ ਚੜ੍ਹਾ ਕੇ (ਥੋੜ੍ਹਾ ਕੌੜਾ ਕਰਕੇ) ਬਣਾ ਰਿਹਾ ਹੈ। ਕੀ ਇਹ ਕਮਾਲ ਨਹੀਂ ਪੰਜਾਬੀ ਖਾਣੇ ਦਾ। ਮੇਰੇ ਨਾਲ ਕੰਮ ਕਰਦੇ ਰੂਸੀ, ਚੀਨੀ, ਬਰਮੀ, ਫਿਲਪੀਨੋ, ਸ੍ਰੀਲੰਕਾ ਤੇ ਹੋਰ ਦੇਸ਼ਾਂ ਦੇ ਲੋਕ ਮੈਥੋਂ ਪੰਜਾਬੀ ਬੋਲਣਾ ਸਿੱਖਦੇ ਹਨ, ਖਾਸ ਤੌਰ 'ਤੇ ਗੀਤ ਅਤੇ ਪੰਜਾਬੀ ਗਾਲਾਂ। ਇਕ ਵਾਰ ਪੰਜਾਬੀ ਬੋਲੀ ਦੇ ਕਿਸੇ ਵੀ ਰੂਪ ਦਾ ਉਨ੍ਹਾਂ ਨੂੰ ਅੰਗਰੇਜ਼ੀ ਵਿੱਚ ਮਤਲਬ ਸਮਝਾ ਦੇਵੋ, ਦੂਸਰੇ ਦਿਨ ਅਸਲੀ ਰੂਪ ਵਿੱਚ ਸੁਣ ਲਵੋ। ਵਿਦੇਸ਼ੀਆਂ ਦਾ ਕਹਿਣਾ ਹੈ ਕਿ ਪੰਜਾਬੀ ਬੋਲੀ ਸਿੱਖਣੀ ਬਹੁਤ ਆਸਾਨ ਹੈ। ਕਿੱਥੇ ਹੈ ਖਤਰਾ?

ਸਮੁੰਦਰੀ ਜਹਾਜ਼ ਵਿੱਚ ਆਪਣੇ ਦੱਖਣੀ ਤੇ ਵਿਦੇਸ਼ੀ ਭੈਣ ਭਰਾ ਮੈਨੂੰ ਪੰਜਾਬੀ ਖਾਣਾ ਬਣਾਉਣ ਲਈ ਕਹਿੰਦੇ ਹਨ। ਕਿਉਂ? ਕਿਉਂਕਿ ਇਹ ਸੁਆਦਲਾ ਹੁੰਦਾ ਹੈ। ਸੈਂਕੜੇ ਵਿਦੇਸ਼ੀ ਭੈਣਾਂ ਨੇ ਮੇਰੇ ਕੋਲੋਂ ਪੰਜਾਬੀ ਸੂਟ ਖਾਸ ਤੌਰ 'ਤੇ ਪਟਿਆਲਾ ਸੂਟਾਂ ਦੀ ਮੰਗ ਪੂਰੀ ਕਰਵਾਈ ਹੈ। ਇਹ ਕੁਝ ਹਾਲਾਤ ਮੈਂ ਖੁਦ ਵੇਖੇ ਤੇ ਹੰਢਾਏ ਹਨ। ਜਦੋਂ ਤੱਕ ਪੰਜਾਬ ਅਤੇ ਪੰਜਾਬੀ ਸੱਭਿਅਤਾ ਦੀ ਅਜਿਹੀ ਖਿੱਚ ਬਰਕਰਾਰ ਹੈ, ਪੰਜਾਬੀ ਨੂੰ ਕੋਈ ਖਤਰਾ ਨਹੀਂ।

ਸਾਹਿਤਕਾਰ ਪੰਜਾਬੀ ਮਾਂ ਬੋਲੀ ਦੇ ਜੇਠੇ ਪੁੱਤਰ ਹਨ। ਰੱਬ ਨੇ ਉਨ੍ਹਾਂ ਦੇ ਹੱਥ ਵਿੱਚ ਕਲਮ ਅਤੇ ਮਹਾਨ ਕਲਪਨਾ ਸ਼ਕਤੀ ਦਿੱਤੀ ਹੈ, ਪਰ ਕੀ ਉਹ ਉਸ ਨੂੰ ਸਹੀ ਵਰਤਦੇ ਹਨ? ਹਰ ਪਿੰਡ ਜਾਂ ਸ਼ਹਿਰ ਵਿੱਚ ਇਕ ਸਾਹਿਤ ਸਭਾ ਚਾਹੀਦੀ ਹੈ, ਪਰ ਨਹੀਂ, ਇਥੇ ਵੀ ਰਾਜਨੀਤੀ ਘਰ ਕਰ ਗਈ ਹੈ। ਮੇਰਾ ਦੋ ਵੱਡੇ ਸ਼ਹਿਰ ਨਾਲ ਸਬੰਧ ਹੈ। ਦੋਵੇਂ ਸ਼ਹਿਰ ਜ਼ਿਲੇ ਦਾ ਰੁਤਬਾ ਰੱਖਦੇ ਹਨ। ਦੋਵਾਂ ਸ਼ਹਿਰਾਂ ਵਿੱਚ ਸਾਹਿਤਕਾਰਾਂ ਤੇ ਬੁੱਧੀਜੀਵੀਆਂ ਦੇ ਨਾਮ ਲਿਖਣ ਲੱਗਾ ਤਾਂ ਪੂਰਾ ਲੇਖ ਨਾਮਾਂ ਨਾਲ ਭਰ ਜਾਵੇਗਾ। ਅਫਸੋਸ ਇਹ ਹੈ ਕਿ ਦੋਵਾਂ ਸ਼ਹਿਰਾਂ ਵਿੱਚ ਦੱਸ-ਦੱਸ ਸਾਹਿਤਕ ਸਭਾਵਾਂ ਬਣੀਆਂ ਹੋਈਆਂ ਹਨ। ਖਤਰਾ ਸਾਨੂੰ ਇਹੋ ਜਿਹੇ ਰੁਝਾਨ ਤੋਂ ਹੈ।

ਪੰਜਾਬੀ ਅਖਬਾਰਾਂ ਵਿੱਚ ਸਾਹਿਤਕ ਮਿਲਣੀਆਂ ਦੀ ਜੇ ਰਿਪੋਰਟ ਛਪਦੀ ਹੈ ਤਾਂ ਉਹ ਹਕੀਕਤ ਤੋਂ ਕੋਹਾਂ ਦੂਰ ਹੁੰਦੀ ਹੈ। ਮਾਂ ਬੋਲੀ ਦੀ ਕੀ ਸਥਿਤੀ ਹੈ, ਇਸ ਬਾਰੇ ਕੋਈ ਗੱਲਬਾਤ ਨਹੀਂ ਹੁੰਦੀ। ਸਾਡੇ ਘਰਾਂ ਵਿੱਚ ਜੋ ਬਜ਼ੁਰਗਾਂ ਦਾ ਹਾਲ ਹੈ, ਉਹੀ ਹਾਲ ਮਾਂ ਬੋਲੀ ਪੰਜਾਬੀ ਦਾ ਹੁੰਦਾ ਹੈ। ਸਾਹਿਤਕ ਸੰਸਥਾਵਾਂ ਸਿਰਫ ਵਿਖਾਵਾ ਹਨ। ਉਹ ਪੰਜਾਬੀ ਭਾਸ਼ਾ ਦੇ ਵਿਕਾਸ ਨੂੰ ਘੱਟ ਅਤੇ ਨਿੱਜ ਦੀ ਚੜ੍ਹਤ ਨੂੰ ਵਧ ਸਮਰਪਿਤ ਹਨ। ਜੋ ਸੰਸਥਾਵਾਂ ਮਿਲ ਕੇ ਬੈਠ ਨਹੀਂ ਸਕਦੀਆਂ, ਉਹ ਮਾਂ ਬੋਲੀ ਪੰਜਾਬੀ ਦੀ ਕੀ ਸੇਵਾ ਕਰਨਗੀਆਂ। ਪੰਜਾਬੀ ਅਖਬਾਰਾਂ ਰੋਜ਼ ਸਾਹਿਤਕ ਸਮੱਗਰੀ ਛਾਪਦੀਆਂ ਹਨ। ਕੀ ਛਾਪਣਾ ਹੈ, ਹਰ ਅਖਬਾਰ ਦਾ ਆਪਣਾ ਪੱਧਰ ਹੈ। ਉਨ੍ਹਾਂ ਦੇ ਪੰਨਿਆਂ 'ਤੇ ਪੁਰਾਣੇ ਸਥਾਪਿਤ ਲੇਖਕ ਛਪਦੇ ਹਨ, ਨਵਾਂ ਲੇਖਕ ਹਾੜੀ ਸੌਣੀ ਵਿੱਚ ਇਕ ਕਦੇ-ਕਦੇ ਹੀ ਪੜ੍ਹਨ ਨੂੰ ਮਿਲਦਾ ਹੈ।

ਪੰਜਾਬੀ ਭਾਸ਼ਾ ਦਾ ਪਸਾਰ ਕਰਨ ਲਈ ਰੇਡੀਓ ਅਤੇ ਟੀ ਵੀ ਹਨ। ਅਨੇਕਾਂ ਪੰਜਾਬੀ ਚੈਨਲ ਹਨ। ਪ੍ਰਾਈਵੇਟ ਚੈਨਲਾਂ ਦਾ ਜ਼ਿਕਰ ਨਾ ਹੀ ਕੀਤਾ ਜਾਵੇ ਤਾਂ ਠੀਕ ਰਹੇਗੀ, ਸਭ ਦਾ 'ਮਨੋਰਥ ਪੈਸਾ ਕਮਾਉਣਾ, ਭਾਸ਼ਾ ਤੋਂ ਉਨ੍ਹਾਂ ਕੀ ਲੈਣਾ ਹੈ।' ਲੋਕ ਪ੍ਰਸਾਰਨ ਸੇਵਾ, ਪ੍ਰਸਾਰ ਭਾਰਤੀ ਕਾਰਪੋਰੇਸ਼ਨ ਦੇ ਜਲੰਧਰ, ਪਟਿਆਲਾ, ਬਠਿੰਡਾ ਤੇ ਲੁਧਿਆਣਾ ਮੁੱਖ ਚੈਨਲ ਹਨ। ਉਨ੍ਹਾਂ ਚੈਨਲਾਂ 'ਤੇ ਕੀ ਪਰੋਸਿਆ ਜਾ ਰਿਹਾ ਹੈ, ਕੀ ਕਿਸੇ ਸਾਹਿਤਕ ਸਭਾ ਵਾਲੇ ਵੀਰ ਭੈਣ ਨੂੰ ਪਤਾ ਹੈ? ਆਕਾਸ਼ਵਾਣੀ ਜਲੰਧਰ ਦੀ ਪ੍ਰਸਾਰਨ ਸੇਵਾ ਸਿਰਕੱਢ ਹੈ। ਇਸ ਦਾ ਪ੍ਰਸਾਰਨ ਚੌਵੀ ਘੰਟੇ ਹੈ ਤੇ ਪੂਰੀ ਦੁਨੀਆ ਵਿੱਚ ਵੱਖ-ਵੱਖ ਤਕਨੀਕਾਂ ਨਾਲ ਸੁਣਾਈ ਦਿੰਦਾ ਹੈ। ਇਸ 'ਤੇ ਕੀ ਪਰੋਸਿਆ ਜਾਂਦਾ ਹੈ, ਅਲੱਗ ਵਿਸ਼ਾ ਹੈ। ਇਕ ਗੱਲ ਵਿਚਾਰਨ ਯੋਗ ਹੈ ਕਿ ਆਕਾਸ਼ਵਾਣੀ ਜਲੰਧਰ ਜਾਂ ਪੰਜਾਬੀ ਪਸਾਰ ਸੇਵਾ ਨੂੰ ਏ ਆਈ ਆਰ ਪੰਜਾਬੀ ਬੋਲੀ ਜਾਂਦੇ ਹਨ। ਗੀਤ ਨੂੰ ਟਰੈਕ, ਆਨੰਦ ਮਾਣੋ ਨੂੰ ਇਨ-ਜੁਆਏ ਕਰੋ, ਗੀਤ ਤੋਂ ਬਾਅਦ ਨੂੰ ਗੀਤ ਦੇ ਉਸ ਪਾਰ, ਪ੍ਰੋਗਰਾਮ ਖਤਮ ਹੋ ਰਿਹਾ ਹੈ ਨੂੰ ਵਾਈਂਡਅੱਪ! ਕੀ ਅਜਿਹਾ ਕੁਝ ਕਦੇ ਬੁੱਧੀਜੀਵੀਆਂ ਨੇ ਨਿੰਦਿਆ ਹੈ?

ਦੂਰਦਰਸ਼ਨ ਜਲੰਧਰ, ਦੂਰਦਰਸ਼ਨ ਪੰਜਾਬੀ ਟੀ ਵੀ ਲੋਕ ਪ੍ਰਸਾਰਨ ਸੇਵਾ ਹੈ। ਇਸ ਦੇ ਨਿਰਮਾਤਾ, ਨਿਰਦੇਸ਼ਕ ਪੰਜਾਬੀ ਭਾਸ਼ਾ ਨਹੀਂ ਜਾਣਦੇ। ਉਹ ਆਪਣੀ ਬੋਲੀ ਹਿੰਦੀ ਤੇ ਆਪਣੇ ਪਹਿਰਾਵੇ ਨੂੰ ਡੀ ਡੀ ਪੰਜਾਬੀ 'ਤੇ ਪ੍ਰਫੁਲਤ ਕਰ ਰਹੇ ਹਨ। ਕੀ ਕਲਮਾਂ ਵਾਲੇ ਆਪਣੇ ਚੈਨਲਾਂ ਨੂੰ ਵੇਖਦੇ ਸੁਣਦੇ ਨਹੀਂ ਜਾਂ ਕਬੂਤਰ ਵਾਂਗ ਅੱਖਾਂ ਬੰਦ ਕਰਕੇ ਬੈਠੇ ਹਨ? ਅਜਿਹੀ ਪਹੁੰਚ ਤਿਆਗੋਗੇ ਅਤੇ ਨਿੱਜੀ ਹਿੱਤਾਂ ਤੋਂ ਉਚੇ ਉਠੋਗੇ ਤਾਂ ਮਾਂ ਬੋਲੀ ਨੂੰ ਅੱਧਾ ਖਤਰਾ ਆਪਣੇ ਆਪ ਦੂਰ ਹੋ ਜਾਏਗਾ।

# ਜਰਮਨ ਰੇਲਵੇ ਤੋਂ ਬਹੁਤ ਕੁਝ ਸਿੱਖ ਸਕਦੀ ਹੈ ਭਾਰਤੀ ਰੇਲਵੇ

– ਅਭਿਸ਼ੇਕ ਜੀ ਦਸਤੀਦਾਰ

ਜੂਨ ਵਿੱਚ ਭਾਰਤੀ ਰੇਲਵੇ ਦੇ ਪ੍ਰੋਬੇਸ਼ਨਰ ਦੁਨੀਆ 'ਚ ਸਭ ਤੋਂ ਆਧੁਨਿਕ ਅਤੇ ਬਿਹਤਰੀਨ ਕਾਰਗੁਜ਼ਾਰੀ ਦਿਖਾਉਣ ਵਾਲੀਆਂ ਰੇਲ ਪ੍ਰਣਾਲੀਆਂ 'ਚੋਂ ਇੱਕ ਅਤੇ ਯੂਰਪ ਦੀ ਸਭ ਤੋਂ ਵੱਡੀ ਰੇਲ ਪ੍ਰਣਾਲੀ ਡੋਏਸ਼ ਬਾਹਨ (ਡੀ ਬੀ) ਦਾ ਅਧਿਐਨ ਕਰਨ ਲਈ ਬਰਲਿਨ (ਜਰਮਨੀ) ਜਾ ਰਹੇ ਹਨ। ਇਹ ਪ੍ਰੋਬੇਸ਼ਨਰ ਜਰਮਨੀ ਵਿੱਚ ਪੰਜ ਦਿਨ ਰਹਿਣਗੇ। ਇਸ ਦੌਰਾਨ ਉਹ ਡੀ ਬੀ ਦੇ ਸੰਚਾਲਨ, ਇੰਜੀਨੀਅਰਿੰਗ ਅਤੇ ਮਨੁੱਖੀ ਸੋਮਿਆਂ ਦੀ ਮੈਨੇਜਮੈਂਟ ਬਾਰੇ ਜਾਣਨਗੇ। ਇਹ ਕੰਮ ਭਾਰਤੀ ਰੇਲਵੇ ਨੇ ਅਜੇ ਤੱਕ ਨਹੀਂ ਕੀਤਾ। ਆਖਿਰ ਇਸ ਕੰਮ ਲਈ ਜਰਮਨੀ ਅਤੇ ਇਸ ਦੀ ਡੀ ਬੀ ਕੰਪਨੀ ਨੂੰ ਹੀ ਕਿਉਂ ਚੁਣਿਆ ਗਿਆ?

ਜਰਮਨੀ ਟੈਕਨਾਲੋਜੀ ਨੂੰ ਹਾਸਲ ਕਰਨ ਅਤੇ ਉਸ ਨਾਲ ਕਾਰੋਬਾਰ ਕਰਨ ਦਾ ਭਾਰਤੀ ਰੇਲਵੇ ਦਾ ਰਿਸ਼ਤਾ ਕਈ ਦਹਾਕੇ ਪੁਰਾਣਾ ਹੈ। ਲਗਭਗ ਤਿੰਨ ਦਹਾਕੇ ਪਹਿਲਾਂ ਭਾਰਤ ਨੇ ਓਦੋਂ ਦੇ ਪੱਛਮੀ ਜਰਮਨੀ ਦੀ ਰਾਜਧਾਨੀ ਬੋਨ ਵਿੱਚ ਇੱਕ ਰੇਲਵੇ ਸਲਾਹਕਾਰ ਨੂੰ ਤੈਨਾਤ ਕੀਤਾ ਸੀ, ਜਿਸ ਨੂੰ ਜਰਮਨ ਦੇ ਏਕੀਕਰਨ ਤੋਂ ਬਾਅਦ ਬਰਲਿਨ ਭੇਜ ਦਿੱਤਾ ਗਿਆ। ਇਸ ਸਲਾਹਕਾਰ ਦੇ ਅਹੁਦੇ 'ਤੇ ਆਮ ਤੌਰ 'ਤੇ ਇੰਡੀਅਨ ਰੇਲਵੇ ਸਰਵਿਸ ਆਫ ਮਕੈਨੀਕਲ ਇੰਜੀਨੀਅਰਸ ਦਾ ਕੋਈ ਅਫਸਰ ਤੈਨਾਤ ਹੁੰਦਾ ਸੀ, ਜੋ ਪੂਰੇ ਯੂਰਪ ਵਿੱਚ ਰੇਲਵੇ ਨਾਲ ਜੁੜੀਆਂ ਭਾਰਤੀ ਸਰਗਰਮੀਆਂ ਦਾ ਨੋਡਲ ਅਫਸਰ ਹੁੰਦਾ ਸੀ।

ਭਾਰਤ ਵਿੱਚ ਰੇਲ ਯਾਤਰੀਆਂ ਲਈ ਵਰਤੇ ਜਾਣ ਵਾਸਤੇ ਲਿੰਕ ਹਾਫਮੈਨ ਬੁਸ਼ (ਐੱਲ ਐੱਚ ਬੀ) ਡੱਬੇ ਸੰਨ 2000 ਵਿੱਚ ਜਰਮਨੀ ਤੋਂ ਮੰਗਵਾਏ ਗਏ ਸਨ। ਬੇਸ਼ੱਕ ਟੈਕਨਾਲੋਜੀ, ਸੰਚਾਲਨ ਤੇ ਕਾਰਜਕੁਸ਼ਲਤਾ ਦੇ ਪੱਖ ਤੋਂ ਦੋਵਾਂ ਦੇਸ਼ਾਂ ਦੀ ਰੇਲਵੇ ਵੱਖ-ਵੱਖ ਤਰ੍ਹਾਂ ਦੀ ਹੈ, ਫਿਰ ਵੀ ਮੋਟੇ ਤੌਰ 'ਤੇ ਦੋਵਾਂ ਵਿੱਚ ਕੁਝ ਸਮਾਨਤਾਵਾਂ ਵੀ ਹਨ। ਦੋਵੇਂ ਡੀਜ਼ਲ ਤੇ ਬਿਜਲੀ ਨਾਲ ਚੱਲਦੀਆਂ ਹਨ। ਬੇਸ਼ੱਕ ਜਰਮਨੀ ਵਿੱਚ ਸਾਰੀਆਂ ਪ੍ਰਮੁੱਖ ਰੇਲ ਲਾਈਨਾਂ ਦਾ ਬਿਜਲੀਕਰਨ ਹੋ ਚੁੱਕਾ ਹੈ, ਤਾਂ ਵੀ ਕੁਝ ਸਾਲ ਪਹਿਲਾਂ ਤੱਕ ਚਾਲੀ ਫੀਸਦੀ ਰੂਟਾਂ ਦਾ ਬਿਜਲੀਕਰਨ ਨਹੀਂ ਹੋਇਆ ਸੀ। ਭਾਰਤ ਵਾਂਗ ਹੀ ਜਰਮਨੀ ਵਿੱਚ ਯਾਤਰੀ ਅਤੇ ਮਾਲ ਗੱਡੀਆਂ ਲਈ ਇੱਕੋ ਰੇਲਵੇ ਟਰੈਕ ਵਰਤਿਆ ਜਾਂਦਾ ਹੈ। ਜਰਮਨੀ ਵਿੱਚ ਸਬ ਅਰਬਨ ਰੇਲ



ਨੈੱਟਵਰਕ ਬਹੁਤ ਮਜ਼ਬੂਤ ਹੈ ਅਤੇ ਅੰਤਰ-ਸ਼ਹਿਰੀ ਰੇਲਾਂ ਉਥੋਂ ਦੇਲੋਕਾਂ ਦੇ ਜੀਵਨ ਨਾਲ ਬਹੁਤ ਡੂੰਘੀਆਂ ਜੁੜੀਆਂ ਹੋਈਆਂ ਹਨ। ਇਹ ਕਈ ਅਰਥਾਂ ਵਿੱਚ ਭਾਰਤ ਵਾਂਗ ਹੀ ਹੈ।

ਇਹ ਵੀ ਜਾਣ ਲੈਣਾ ਚਾਹੀਦਾ ਹੈ ਕਿ ਜਰਮਨ ਰੇਲਵੇ ਪ੍ਰਣਾਲੀ ਦੁਨੀਆ ਦੀਆਂ ਸਭ ਤੋਂ ਪੁਰਾਣੀਆਂ ਰੇਲ ਪ੍ਰਣਾਲੀਆਂ 'ਚੋਂ ਇੱਕ ਹੈ, ਫਿਰ ਵੀ ਜਾਪਾਨ ਤੇ ਫਰਾਂਸ ਦੇ ਨਾਲ-ਨਾਲ ਇਹ ਵਿਆਪਕ ਤੌਰ 'ਤੇ ਆਧੁਨਿਕ ਵੀ ਹੈ। ਜਰਮਨੀ ਵਿੱਚ ਸਭ ਤੋਂ ਪਹਿਲੀ ਰੇਲ 1853 ਵਿੱਚ ਚਾਲੂ ਹੋਈ ਸੀ। ਡੋਏਸ਼ ਰੀਖਸਬਾਹਨ ਨਾਮੀ ਸਾਬਕਾ ਰੇਲ ਕੰਪਨੀ 1920 ਵਿੱਚ ਸਥਾਪਤ ਕੀਤੀ ਗਈ ਸੀ ਅਤੇ ਨਵੀਂ ਡੋਏਸ਼ ਬੁਦੇਸ਼ਬਾਹਨ ਨਾਮੀ ਕੰਪਨੀ 1949 ਵਿੱਚ ਪੱਛਮੀ ਜਰਮਨੀ ਲਈ ਬਣਾਈ ਗਈ ਸੀ। ਮੌਜੂਦਾ ਡੋਬੇਸ਼ਬਾਹਨ ਏ ਜੀ ਨਾਮੀ ਕੰਪਨੀ 1994 'ਚ ਦੋਵਾਂ ਜਰਮਨੀਆਂ ਦੇ ਇੱਕ ਹੋਣ ਤੋਂ ਬਾਅਦ ਬਣਾਈ ਗਈ ਸੀ ਤੇ ਇਸ ਨੂੰ ਅਧਿਕਾਰਤ ਤੌਰ 'ਤੇ ਜਵਾਨ ਕੰਪਨੀ ਕਿਹਾ ਜਾਂਦਾ ਹੈ।

ਡੀ ਬੀ ਕੰਪਨੀ ਆਪਣਾ ਕੰਮ ਬਹੁਤ ਸਾਰੀਆਂ ਆਜ਼ਾਦ ਕਾਰੋਬਾਰੀ ਇਕਾਈਆਂ ਜਾਂ ਸਹਾਇਕ ਕੰਪਨੀਆਂ ਦੇ ਰਾਹੀਂ ਕਰਦੀ ਹੈ, ਜਿਨ੍ਹਾਂ ਦੇ ਦਫਤਰ ਨਾ ਸਿਰਫ ਪੂਰੇ ਯੂਰਪ, ਸਗੋਂ ਦੁਨੀਆ ਭਰ 'ਚ ਹਨ। ਇਹ ਸਹਾਇਕ ਕੰਪਨੀਆਂ ਊਰਜਾ, ਸੜਕੀ ਆਵਾਜਾਈ, ਕੌਮਾਂਤਰੀ ਰੇਲ ਯਾਤਰਾ, ਲਾਜਿਸਟਿਕਸ ਤੇ ਬੁਨਿਆਦੀ ਢਾਂਚੇ ਵਰਗੇ ਕੰਮ ਕਰਦੀਆਂ ਹਨ। ਡੀ ਬੀ ਕੰਪਨੀ ਦੇ ਤਿੰਨ ਮੁੱਖ ਅੰਗ ਹਨ: ਯਾਤਰੀ ਕਾਰੋਬਾਰੀ ਲਈ ਡੀ ਬੀ ਬਾਹਨ (ਜਿਸ ਵਿੱਚ ਬੁਲੇਟ ਟਰੇਨ ਤੇ ਆਲ ਯੂਰਪੀਨ ਸੇਵਾਵਾਂ ਸ਼ਾਮਲ ਹਨ), ਲਾਜਿਸਟਿਕਸ ਹੱਲ ਲਈ ਡੀ ਬੀ ਸ਼ੈਂਕਰ ਅਤੇ ਸਟੇਸ਼ਨ ਅਤੇ ਟਰੈਕਾਂ ਸਮੇਤ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਡੀ ਬੀ ਨੈਟਜ਼ੇ। ਇੱਕ ਚੌਥੀ ਕੰਪਨੀ ਹੈ ਅਰਿਵਾ, ਜੋ ਮੂਲ ਤੌਰ ਉੱਤੇ ਅੱਸੀ ਸਾਲ ਪੁਰਾਣੀ ਇੱਕ ਬ੍ਰਿਟਿਸ਼ ਬਹੁ-ਕੌਮੀ ਟਰਾਂਸਪੋਰਟ ਕੰਪਨੀ ਸੀ, ਜਿਸ ਨੂੰ ਡੀ ਬੀ ਨੇ 2010 ਵਿੱਚ ਅਕਵਾਇਰ ਕੀਤਾ ਸੀ। ਇਹ ਕੰਪਨੀ ਹਰ ਰੋਜ਼ 24189 ਯਾਤਰੀ ਗੱਡੀਆਂ ਚਲਾਉਂਦੀ ਹੈ ਅਤੇ ਇਹ ਗਿਣਤੀ ਭਾਰਤ ਤੋਂ ਵੱਧ ਹੈ। ਅਰਿਵਾ ਸਾਲ ਵਿੱਚ 256.4 ਕਰੋੜ ਮੁਸਾਫਰਾਂ ਨੂੰ ਸੇਵਾ ਦਿੰਦੀ ਹੈ, ਪਰ ਇਸ ਦੇ ਮੁਲਾਜ਼ਮਾਂ ਦੀ ਗਿਣਤੀ ਸਿਰਫ ਤਿੰਨ ਲੱਖ 10 ਹਜ਼ਾਰ ਹੈ, ਜਿਹੜੀ ਭਾਰਤੀ ਮੁਲਾਜ਼ਮਾਂ ਦੇ ਮੁਕਾਬਲੇ ਬਹੁਤ ਨਿਗੂਣੀ ਹੈ।

ਬਰਲਿਨ ਦਾ ਮੁੱਖ ਰੇਲਵੇ ਸਟੇਸ਼ਨ ਲਾਭ ਕਮਾਉਣ ਵਾਲਾ ਇੱਕ ਵੱਖਰਾ ਕੇਂਦਰ ਹੈ, ਜੋ ਕਮਰਸ਼ੀਅਲ ਥਾਂ ਨੂੰ ਕਿਰਾਏ ਉਤੇ ਦੇ ਕੇ ਜਾਂ ਹੋਰ ਗੈਰ-ਕਿਰਾਇਆ ਕਮਾਈ ਦੇ ਪੱਖੋਂ ਆਪਣਾ ਖਰਚ ਖੁਦ ਕੱਢਦਾ ਹੈ। ਡੀ ਬੀ ਦੀ ਹਾਈ ਸਪੀਡ ਰੇਲ ਸੇਵਾ (ਜਿਸ ਦਾ ਨਾਂਅ ਆਈ ਸੀ ਈ ਹੈ) ਸ਼ਾਇਦ ਭਾਰਤੀ ਰੰਗਰੂਟਾਂ ਨੂੰ ਇਹ ਸਿੱਖਣ ਦਾ ਮੌਕਾ ਦੇਵੇਗੀ ਕਿ ਬੁਲੇਟ ਟਰੇਨ ਕਿਵੇਂ ਚਲਾਈ ਜਾਂਦੀ ਹੈ। ਰੇਲਵੇ ਰੰਗਰੂਟਾਂ ਦੇ ਦੌਰੇ ਦੇ ਯੋਜਨਾਕਾਰਾਂ ਦਾ ਮੰਨਣਾ ਹੈ ਕਿ ਆਪਣੀਆਂ ਅੱਖਾਂ ਨਾਲ ਇਹ ਦੇਖਣਾ ਅਹਿਮ ਹੋਵੇਗਾ ਕਿ ਡੀ ਬੀ ਵਰਗਾ ਵਿਸ਼ਾਲ ਆਕਾਰ ਦਾ ਰੇਲ ਨੈਟਵਾਰਕ ਜਨਤਕ ਜੀਵਨ ਨਾਲ ਕਿਵੇਂ ਅਭੇਦ ਹੁੰਦਾ ਹੈ।

ਡੀ ਬੀ ਕੰਪਨੀ ਇੰਜੀਨੀਅਰਿੰਗ ਅਤੇ ਮੈਨੇਜਮੈਂਟ ਦੇ ਵਿਦਿਆਰਥੀਆਂ 'ਚੋਂ ਇੰਟਰਨੈੱਟ ਦੀ ਚੋਣ ਕਰਦੀ ਹੈ। ਵੱਖ-ਵੱਖ ਸਹਾਇਕ ਕੰਪਨੀਆਂ ਵਿੱਚ ਵੀ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਥੋੜ੍ਹੀ ਮਿਆਦ ਦੀ ਇੰਟਰਸ਼ਿਪ ਹੁੰਦੀ ਹੈ। ਭਾਰਤੀ ਰੇਲਵੇ ਵੀ ਅਜਿਹੀ ਇੰਟਰਨਸ਼ਿਪ ਲਈ ਆਪਣੇ ਬੂਹੇ ਖੋਲ੍ਹਣ ਦੀ ਕੋਸ਼ਿਸ਼ ਕਰ ਰਹੀ ਹੈ। ਜਿਸ ਤਰ੍ਹਾਂ ਜਰਮਨ ਕੰਪਨੀ ਗਾਹਕ ਸੰਤੁਸ਼ਟੀ, ਸਮਾਂਬੱਧਤਾ, ਸਾਫ-ਸਫਾਈ, ਕਾਰੋਬਾਰੀ ਰਣਨੀਤੀਆਂ ਦੇ ਮਾਮਲੇ ਵਿੱਚ ਇੱਕ ਸੰਸਾਰਕ ਪੈਮਾਨਾ ਬਣ ਚੁੱਕੀ ਹੈ, ਉਸ ਦੀ ਪਛਾਣ ਹਾਸਲ ਕਰਨ ਲਈ ਭਾਰਤੀ ਰੇਲਵੇ ਨੂੰ ਖੁਦ ਦੀ ਸਫਲਤਾ ਦੀ ਕਹਾਣੀ ਦੀ ਇਬਾਰਤ ਲਿਖਣ ਵਿੱਚ ਸਹਾਇਤਾ ਮਿਲੇਗੀ।

## ਮਿੰਨੀ ਕਹਾਣੀਆਂ

### ਖਿੜਕੀ

–ਮਾਸਟਰ ਸੁਖਵਿੰਦਰ ਦਾਨਗੜ੍ਹ

ਟਰੱਕ ਦੀ ਖਿੜਕੀ ਉਤੇ ਲਿਖਿਆ ਸੀ, 'ਵਾਹਿਗੁਰੂ ਬੋਲ, ਖਿੜਕੀ ਖੋਲ੍ਹ।'

ਅਚਾਨਕ ਸੜਕ ਉੱਤੇ ਕਈ ਡੰਗਰ ਅੱਗੇ ਆਉਣ ਕਰ ਕੇ ਡਰਾਈਵਰ ਨੂੰ ਪੂਰੀ ਰਫਤਾਰ ਤੇ ਚਲਦਾ ਟਰੱਕ ਰੋਕਣਾ ਪਿਆ। ਉਸ ਦੇ ਗੁੱਸੇ ਦੀ ਕੋਈ ਹੱਦ ਨਾ ਰਹੀ। ਉਸ ਨੇ ਡੰਗਰਾਂ ਦੇ ਪਾਲੀ ਉਤੇ ਕਚੀਚੀਆਂ ਲੈਂਦੇ ਹੋਏ ਨੇ ਖਿੜਕੀ ਖੋਲ੍ਹੀ ਤੇ ਬੋਲਿਆ, ''ਕੰਜਰ ਦਿਆ ਪੁੱਤਰਾ, ਤੈਨੂੰ ਦੀਹਦਾ 'ਨੀ ਅੱਗੇ ਟਰੱਕ ਆਉਂਦੈ...ਭਜਾ ਕੇ ਮੱਝਾਂ ਅੱਗੇ ਕਰ ਲਈਆਂ। ਮੇਰਾ ਸਾਲਾ ਨਾ ਹੋਵੇ ਤਾਂ, ਪਰੇ ਹਟਾ ਇਨ੍ਹਾਂ ਨੂੰ ਛੇਤੀ ਦੇਣੇ।'' ਉਸ ਨੇ ਖਿੜਕੀ ਬੰਦ ਕੀਤੀ ਅਤੇ ਟਰੱਕ ਤੋਰ ਕੇ ਲੈ ਗਿਆ।

### ਪੱਥਰ

–ਬਲਬੀਰ ਸਿੰਘ ਬੱਬੀ

ਮੇਰੇ ਰਿਸ਼ਤੇਦਾਰ ਸੁਖਦੇਵ ਸਿੰਘ ਦੀ ਲੜਕੀ ਦੇ ਤੀਜਾ ਬੱਚਾ ਧੀ ਪੈਦਾ ਹੋਈ। ਉਸ ਤੋਂ ਪਹਿਲਾਂ ਵੀ ਦੋ ਲੜਕੀਆਂ ਸਨ। ਖਬਰਸਾਰ ਲਈ ਮੈਂ ਲੜਕੀ ਦੇ ਪਿੰਡ ਪਰਵਾਰ ਸਮੇਤ ਗਿਆ। ਜਦੋਂ ਘਰ ਵੜੇ ਤਾਂ ਸਭ ਤੋਂ ਪਹਿਲਾਂ ਲੜਕੀ ਦੀ ਸੱਸ ਬੈਠੀ ਮਿਲੀ। ਮੈਂ ਸੁੱਖ-ਸਾਂਦ ਪੁੱਛ ਕੇ ਲੜਕੀ ਦਾ ਹਾਲ-ਚਾਲ ਪੁੱਛਿਆ ਤਾਂ ਮਾਈ ਬੋਲੀ, ''ਕੀ ਦੱਸਾਂ, ਦੋ ਪੱਥਰ ਪਹਿਲਾਂ ਈ, ਤੇ ਆਹ ਇੱਕ ਪੱਥਰ ਰੱਬ ਨੇ ਹੋਰ ਸੁੱਟ 'ਤਾ। ਪਤਾ ਨੀਂ ਸਾਥੋਂ...।''

ਘਰ ਆ ਕੇ ਮੇਰੀ ਅੱਠ ਸਾਲ ਦੀ ਬੇਟੀ ਸੰਦੀਪ ਜੋ ਸਾਡੇ ਨਾਲ ਗਈ ਸੀ, ਕਹਿੰਦੀ, ''ਡੈਡੀ ਪੱਥਰ ਕੀ ਹੁੰਦੈ, ਜੋ ਉਥੇ ਬੇਬੇ ਕਹਿੰਦੀ ਸੀ?''

### ਮੁੱਲ

–ਮਾਸਟਰ ਸੁਖਵਿੰਦਰ ਦਾਨਗੜ੍ਹ

ਨਾਜਰ ਸਿੰਘ ਦੇ ਘਰ ਵਿੱਚ ਨਿੰਮ ਦਾ ਰੁੱਖ ਸੀ। ਨਾਜਰ ਨੇ ਉਸ ਨੂੰ ਆਪਣੇ ਪੁੱਤਰ ਵਾਂਗ ਪਾਲਿਆ ਸੀ। ਕਿਸੇ ਵੇਲੇ ਉਸ ਦੀ ਛਾਂ ਹੇਠਾਂ ਸਾਰਾ ਪਰਵਾਰ ਰੌਣਕਾਂ ਲਾਈ ਰੱਖਦਾ ਸੀ। ਨਾਜਰ ਦੀਆਂ ਦੋਵੇਂ ਧੀਆਂ ਤੇ ਪੁੱਤਰ ਇਸ ਨਿੰਮ ਦੇ ਹੇਠਾਂ ਹੀ ਪੀਂਘਾ ਝੂਟ ਕੇ ਜਵਾਨ ਹੋਏ ਸਨ। ਬੁੱਢੀ ਉਮਰੇ ਭਾਵੇਂ ਉਸ ਦੇ ਚੇਤੇ ਵਿੱਚੋਂ ਨਮੋਲੀਆਂ ਦਾ ਸਾਬਣ ਬਣਾਉਣ ਦਾ ਗੁਰ ਵਿਸਰ ਗਿਆ, ਪਰ ਉਸ ਨੂੰ ਸੱਕ ਰਗੜ ਕੇ ਲਹੂ ਪੀਣੇ ਫੋੜੇ ਦਾ ਕੀਤਾ ਇਲਾਜ ਅੱਜ ਵੀ ਚੰਗੀ ਤਰ੍ਹਾਂ ਯਾਦ ਸੀ। ਨਿੰਮ ਦੀ ਦਾਤਣ ਕੀਤੇ ਬਗੈਰ ਉਸ ਨੇ ਕਦੇ ਚਾਹ ਨਹੀਂ ਪੀਤੀ ਸੀ। ਨਾਜਰ ਦੀ ਇਸ ਰੁੱਖ ਨਾਲ ਬਹੁਤ ਪੀਡੀ ਸਾਂਝ ਪੈ ਗਈ ਸੀ ਕਿਉਂ ਜੋ ਉਸ ਨੇ ਆਪਣੇ ਪੁੱਤਰ ਕਰਮ ਦੇ ਜੰਮਣ ਵੇਲੇ ਅਤੇ ਪੋਤਾ ਹੋਣ ਵੇਲੇ ਇਸੇ ਹੀ ਨਿੰਮ ਦੇ ਪੱਤੇ ਬੰਨ੍ਹੇ ਸਨ।

ਨਾਜਰ ਦੀ ਨੂੰਹ ਵਿਹੜਾ ਸਾਫ ਕਰਨ ਵੇਲੇ ਨਿੰਮ ਦੇ ਝੜੇ ਹੋਏ ਪੱਤੇ ਵੇਖ ਕੇ ਹਰ ਸਮੇਂ ਕਿਚ ਕਿਚ ਕਰਦੀ ਰਹਿੰਦੀ ਸੀ। ਇੱਕ ਦਿਨ ਉਸ ਨੇ ਆਪਣੇ ਪਤੀ ਕਰਮੇ ਨੂੰ ਕਿਹਾ, ''ਮੈਥੋਂ ਨੀਂ ਐਨਾ ਕੂੜ੍ਹਾ ਨਿੱਤ ਹੂੰਝਿਆ ਜਾਂਦਾ, ਉੱਤੋਂ ਸਾਰਾ ਦਿਨ ਪੰਛੀ ਵਿਹੜੇ ਵਿੱਚ ਗੰਦ ਪਾਈ ਰੱਖਦੇ ਨੇ।''

ਰੋਜ਼ ਦੀ ਬੁੜ ਬੁੜ ਤੋਂ ਖਿੱਝੇ ਕਰਮੇ ਨੇ ਆਖਰ ਨਾਜਰ ਨੂੰ ਬਗੈਰ ਦੱਸੇ ਹੀ ਨਿੰਮ ਨੂੰ ਵੇਚਣ ਦਾ ਫੈਸਲਾ ਕਰ ਲਿਆ। ਉਸ ਨੇ ਸ਼ਹਿਰ ਤੋਂ ਵਾਢ ਵਾਲੇ ਬੰਦੇ ਬੁਲਾ ਕੇ ਰੁੱਖ ਦਾ ਮੁੱਲ ਪੰਜ ਹਜ਼ਾਰ ਰੁਪਏ ਕਰ ਦਿੱਤਾ। ਇਹ ਸੁਣ ਕੇ ਕੋਲ ਖੜ੍ਹੇ ਕਰਮੇ ਦਾ ਪੁੱਤਰ ਬੋਲਿਆ, ''ਪਾਪਾ, ਏਨਾ ਘੱਟ ਮੁੱਲ? ਮੈਂ ਵਿਗਿਆਨ ਦੀ ਕਿਤਾਬ ਵਿੱਚ ਪੜ੍ਹਿਐ ਕਿ ਦਸ ਲੱਖ ਰੁਪਏ ਦੀ ਤਾਂ ਇੱਕ ਰੁੱਖ ਆਪਾਂ ਨੂੰ ਸਾਹ ਲੈਣ ਲਈ ਆਕਸੀਜਨ ਗੈਸ ਹੀ ਦੇ ਦਿੰਦੈ।''

ਰੁੱਖ ਦੇ ਇੱਕ ਹੋਰ ਅਣਮੁੱਲੇ ਗੁਣ ਬਾਰੇ ਸੁਣ ਕੇ ਦੂਰ ਖੜ੍ਹੇ ਬੇਵੱਸ ਨਾਜ਼ਰ ਦੀਆਂ ਅੱਖਾਂ ਭਰ ਆਈਆਂ।

# ਵੋਟਰਾਂ ਨੂੰ ਆਖਰੀ ਸਾਲ ਖ਼ੁਸ਼ ਕਰਨ ਦੀ ਸਿਆਸਤ

–ਪ੍ਰਿੰ. ਜਗਦੀਸ਼ ਸਿੰਘ ਘਈ




ਸਰਕਾਰ ਦੇ ਆਖਰੀ ਸਾਲ ਸੁਨਹਿਰੀ ਸੁਪਨੇ ਸਿਰਜਣ ਅਤੇ ਮਨ-ਲੁਭਾਉਣੇ ਲਾਰਿਆਂ ਦੀ ਮੌਕਾਪ੍ਰਸਤ ਸਿਆਸਤ ਅੱਜ ਭਾਰਤੀ ਲੋਕਤੰਤਰ ਉੱਤੇ ਭਾਰੂ ਹੈ। ਸੱਤਾ ਵਿੱਚ ਆਉਣ ਲਈ ਰਾਜਨੀਤਕ ਪਾਰਟੀਆਂ ਵਾਅਦਿਆਂ ਅਤੇ ਲਾਰਿਆਂ ਦੀ ਤਸਵੀਰ ਪੇਸ਼ ਕਰਕੇ ਚੁੰਬਕੀ ਖਿੱਚ ਪੈਦਾ ਕਰਨ ਲਈ ਸਿਰਤੋੜ ਯਤਨ ਕਰਦੀਆਂ ਹਨ। ਪਹਿਲੇ ਪੜਾਅ ਉੱਤੇ ਖ਼ੁਸ਼ ਕਰਨ ਲਈ ਅਨੇਕਾਂ ਲੋਕਹਿੱਤ ਦੀਆਂ ਮੱਦਾਂ ਦਾ ਮੈਨੀਫੈਸਟੋ ਸਿਰਜਿਆ ਜਾਂਦਾ ਹੈ। 2019 ਦੀਆਂ ਪਾਰਲੀਮੈਂਟ ਚੋਣਾਂ ਸਿਰ ਉੱਤੇ ਹੋਣ ਕਾਰਨ ਰਾਜਨੀਤਕ ਪਾਰਟੀਆਂ ਫਿਰ ਆਪਣੀ ਕਾਰਗੁਜ਼ਾਰੀ ਵਧੀਆ ਸਿੱਧ ਕਰਨ ਦਾ ਯਤਨ ਕਰ ਰਹੀਆਂ ਹਨ। ਇਹ ਮੌਕਾਪ੍ਰਸਤੀ ਦੀ ਸਿਆਸਤ ਦਾ ਯੁੱਗ ਹੈ। ਇਸ ਦੇ ਅਤੀਤ ਉੱਤੇ ਨਜ਼ਰ ਮਾਰਿਆਂ ਸਾਫ਼ ਨਜ਼ਰ ਆਉਂਦਾ ਹੈ ਕਿ ਸੂਬਾਈ ਜਾਂ ਕੇਂਦਰੀ ਪੱਧਰ ਦੇ ਰਾਜਨੀਤਕ ਆਗੂ ਚੋਣ ਸਾਲ ਦੇ ਨਜ਼ਦੀਕ ਵੋਟਰਾਂ ਨੂੰ ਖਿੱਚਣ ਲਈ ਲੁਭਾਉਣੇ ਲਾਰਿਆਂ ਤੇ ਵਾਅਦਿਆਂ ਦੇ ਜਾਲ ਵਿੱਚ ਫਸਾਉਣ ਦਾ ਯਤਨ ਕਰਨਾ ਆਪਣਾ ਧਰਮ ਸਮਝਦੇ ਹਨ। ਵਿਚਾਰਵਾਨਾਂ ਲਈ ਸੋਚਣ ਦਾ ਮੌਕਾ ਹੈ ਕਿ ਇਸ ਸੰਦਰਭ ਵਿੱਚ ਭਾਰਤ ਦਾ ਕੀ ਬਣੇਗਾ?

ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਲੋਕ ਹਿੱਤ ਦੀਆਂ ਮੁੱਖ ਸੇਵਾਵਾਂ; ਸਿਹਤ, ਸਿੱਖਿਆ ਆਦਿ ਲੁੱਟ ਦੇ ਅਖਾੜੇ ਬਣ ਗਏ ਹਨ, ਫਿਰ ਸਬਸਿਡੀਆਂ ਦੇ ਸਵਾਲ ਜਾਂ ਮੁਫ਼ਤ ਬਿਜਲੀ ਕਿਹੜਾ ਘਰ ਪੂਰਾ ਕਰਨਗੇ? ਅੱਜ ਹਰ ਕਾਬਜ਼ ਪਾਰਟੀ ਦੀ ਸਿਆਸਤ ਅਜਿਹੀਆਂ ਚਾਲਾਂ ਚੱਲ ਕੇ ਵੋਟਰਾਂ ਦੀ ਹਮਦਰਦੀ ਜਿੱਤਣ ਦੀ ਕੋਸ਼ਿਸ਼ ਵਿੱਚ ਹੈ। ਕਾਬਜ਼ ਹੋਣ ਦੇ ਪਹਿਲੇ ਚਾਰ ਕੁ ਸਾਲ ਲੁੱਟਣ, ਕਿੜਾਂ ਕੱਢਣ, ਪਰਿਵਾਰ ਪਾਲਣ ਤੇ ਆਪਣੇ ਆਪ ਨੂੰ ਪ੍ਰਭਾਵੀ ਬਣਾਉਣ ਲਈ ਮਨਮਾਨੀਆਂ ਕਰਕੇ ਤਾਕਤ ਦੀ ਦੁਰਵਰਤੋਂ ਕਰਨਾ ਇਨ੍ਹਾਂ ਲੋਕਾਂ ਦਾ ਅੰਦਰੂਨੀ ਅਤੇ ਲੁਕਵਾਂ ਅਸਲ ਚੋਣ ਮੈਨੀਫੈਸਟੋ ਹੁੰਦਾ ਹੈ। ਰਾਜਨੀਤੀ ਵਿੱਚ ਘੁਲ-ਮਿਲ ਚੁੱਕੀਆਂ ਅਨੈਤਿਕ ਕਦਰਾਂ ਕੀਮਤਾਂ ਨੇ ਵਿਦੇਸ਼ਾਂ ਵਿੱਚ ਕਾਲਾ ਧਨ ਜਮ੍ਹਾਂ ਕਰਨ ਦੀ ਪ੍ਰਵਿਰਤੀ ਨੂੰ ਹੁਲਾਰਾ ਦਿੱਤਾ ਹੈ। ਜਿਸ ਧਨ ਨਾਲ ਭਾਰਤ ਦਾ ਬੱਚਾ ਬੱਚਾ ਖ਼ੁਸ਼ਹਾਲ ਅਤੇ ਪੈਰਾਂ ਉੱਤੇ ਖੜ੍ਹਾ ਹੋ ਸਕਦਾ ਹੈ, ਉਹ ਵਿਦੇਸ਼ੀ ਬੈਂਕ ਵਿੱਚ ਪਿਆ ਭਾਰਤੀਆਂ ਦਾ ਮੂੰਹ ਚਿੜਾ ਰਿਹਾ ਹੈ। ਨਰਿੰਦਰ ਮੋਦੀ ਦਾ ਦਾਅਵਾ ਕਿ ਸੱਤਾ ਵਿੱਚ ਆ ਕੇ 100 ਦਿਨਾਂ ਦੇ ਅੰਦਰ ਵਿਦੇਸ਼ਾਂ ਦਾ ਕਾਲਾ ਧਨ ਭਾਰਤ ਲਿਆ ਕੇ ਹਰ ਨਾਗਰਿਕ ਦੇ ਖਾਤੇ 15-15 ਲੱਖ ਰੁਪਏ ਜਮ੍ਹਾਂ ਹੋਣਗੇ, ਇੱਕ ਸੁਪਨਾ ਬਣ ਕੇ ਰਹਿ ਗਿਆ। ਨੋਟਬੰਦੀ ਅਤੇ ਜੀ ਐੱਸ ਟੀ ਦੀ ਨੀਤੀ ਨੇ ਆਮ ਆਦਮੀ ਨੂੰ ਵੀ ਕਾਲੇ ਧਨ ਦਾ ਮਾਲਕ ਤਸੱਵਰ ਕਰ ਲਿਆ ਹੈ।

ਸਰਕਾਰ ਦੀ ਨਾਕਾਮੀ ਕਾਰਨ ਪਿਛਲੇ ਚਾਰ ਸਾਲਾਂ ਵਿੱਚ ਸਾਢੇ ਚਾਰ ਕਰੋੜ ਬੇਰੁਜ਼ਗਾਰਾਂ ਦਾ ਵਾਧਾ ਹੋਇਆ ਹੈ ਅਤੇ ਮੰਹਿਗਾਈ ਉੱਤੇ ਕੰਟਰੋਲ ਨਹੀਂ। ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਰਿਕਾਰਡ ਤੋੜ ਵਾਧਾ ਹੋਇਆ। ਭ੍ਰਿਸ਼ਟਾਚਾਰ ਨੂੰ ਨੱਥ ਨਹੀਂ ਪਾਈ ਜਾ ਸਕੀ। ਦੇਸ਼ ਵਿੱਚ ਫਿਰਕਾਪ੍ਰਸਤੀ ਦੀਆਂ ਘਟਨਾਵਾਂ ਪਹਿਲਾਂ ਨਾਲੋਂ ਵੀ ਵੱਧ ਵਾਪਰ ਰਹੀਆਂ ਹਨ।

ਆਜ਼ਾਦ ਭਾਰਤ ਦੀਆਂ ਚੋਣਾਂ ਦਾ ਇਤਿਹਾਸ ਜ਼ਾਹਿਰ ਹੈ ਕਿ ਸਾਡੇ ਰਾਜਨੀਤੀਵਾਨ ਧਰਮ, ਜਾਤਪਾਤ, ਧਨ, ਉਚ ਨੀਚ, ਪ੍ਰਾਂਤਵਾਦ ਆਦਿ ਖੇਡਾਂ ਖੇਡ ਕੇ ਵੰਡੀਆਂ ਪਾਉਂਦੇ ਤੇ ਸੱਤਾ ਉੱਤੇ ਕਾਬਜ਼ ਹੁੰਦੇ ਆਏ ਹਨ। ਇਹ ਅੱਜ ਵੀ ਸਟੇਜਾਂ ਤੋਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਦਾ ਮੁੱਲ ਵੱਟ ਕੇ ਆਪਣੇ ਆਪ ਨੂੰ ਮਜ਼ਬੂਤ ਕਰਨ ਦੇ ਯਤਨ ਵਿੱਚ ਹਨ। ਚੋਣ ਪ੍ਰਣਾਲੀ ਵਿੱਚ ਸੱਚੇ ਸੁੱਚੇ ਰਾਜਨੀਤੀਵਾਨ ਕਮਜ਼ੋਰ ਪੈ ਰਹੇ ਹਨ। ਜਨਤਕ ਸਮੱਸਿਆਵਾਂ ਜਿਵੇਂ ਬੇਰੁਜ਼ਗਾਰੀ, ਮਹਿੰਗਾਈ,ਸਿੱਖਿਆ ਤੇ ਸਿਹਤ ਦੀ ਚਿੰਤਾਜਨਕ ਅਵਸਥਾ ਵੱਲ ਕਿੰਨਾ ਧਿਆਨ ਦਿੱਤਾ ਗਿਆ ਹੈ, ਇਹ ਤਾਂ ਪੀੜਤ ਜਨਤਾ ਨੂੰ ਹੀ ਪਤਾ ਹੁੰਦਾ ਹੈ।

ਪੰਜਵੇਂ ਸਾਲ ਕੁੰਭਕਰਨੀ ਨੀਂਦ ਤੋਂ ਜਾਗਦੇ ਹੋਏ ਧੜਾ ਧੜਾ ਗ੍ਰਾਂਟਾਂ ਤੇ ਪੈਨਸ਼ਨਾਂ ਵੰਡਣਾ ਸ਼ੁਰੂ ਹੋ ਜਾਂਦੇ ਹਨ। ਨਾ ਪੂਰੇ ਹੋਣ ਵਾਲੇ ਵਾਅਦੇ ਕਰਕੇ ਆਪਣੀ ਪਾਰਟੀ ਦੇ ਹਿੱਤਾਂ ਲਈ ਨਵਾਂ ਮਾਹੌਲ ਸਿਰਜਿਆ ਜਾਂਦਾ ਹੈ। ਇਸ ਸਥਿਤੀ ਵਿੱਚ ਆਮ ਵੋਟਰ ਸਾਡੀ ਚੋਣ ਪ੍ਰਣਾਲੀ ਤੋਂ ਉਦਾਸੀਨ ਹੁੰਦਾ ਜਾ ਰਿਹਾ ਹੈ। ਜੇ ਦੰਭੀ ਪ੍ਰਚਾਰ, ਜਾਤ ਬਰਾਦਰੀ, ਢੋਆ ਢੁਆਈ, ਈ ਵੀ ਐੱਮ ਅਤੇ ਮੁੱਖ ਤੌਰ ਉੱਤੇ ਧਨ ਦੀ ਕੁਵਰਤੋਂ ਨਾ ਕੀਤੀ ਜਾਵੇ ਤਾਂ ਚੋਣਾਂ ਦੇ ਸਿੱਟੇ ਹੋਰ ਨਿਕਲਣ। ਇਨ੍ਹਾਂ ਨੇ ਲੋਕਤੰਤਰ ਦੇ ਅਰਥ ਹੀ ਬਦਲ ਕੇ ਰੱਖ ਦਿੱਤੇ ਹਨ। ਰਾਜਨੀਤੀ ਨੂੰ ਕਈ ਲੋਕ ਤਾਂ ਦੰਭੀਆਂ ਦੀ ਆਖਰੀ ਪਨਾਹ ਸਮਝਣ ਲੱਗੇ ਹਨ। ਇਹੀ ਕਾਰਨ ਹੈ ਕਿ ਆਮ ਆਦਮੀ ਦਾ ਵਿਸ਼ਵਾਸ ਚੋਣ ਪ੍ਰਣਾਲੀ ਵਿੱਚੋਂ ਉੱਠਦਾ ਜਾ ਰਿਹਾ ਹੈ। ਪਾਰਲੀਮੈਂਟ ਦਾ ਪੂਰਾ ਸੈਸ਼ਨ ਖਹਿਬਾਜ਼ੀ ਦੇ ਲੇਖੇ ਲੱਗ ਜਾਂਦਾ ਹੈ। ਲੋਕਾਂ ਦੀ ਪੂੰਜੀ ਅਤੇ ਭਾਵਨਾ ਦਾ ਕੋਈ ਧਿਰ ਧਿਆਨ ਨਹੀਂ ਰੱਖਦੀ। ਇੱਕ ਹੋਰ ਨਿਵੇਕਲੀ ਰਾਜਨੀਤੀ ਦਾ ਅਮਲ ਸਾਹਮਣੇ ਆਇਆ ਹੈ, ਜੋ ਉਮੀਦਵਾਰ ਲੋਕਾਂ ਨੇ ਰੱਦ ਕਰ ਦਿੱਤੇ, ਉਨ੍ਹਾਂ ਨੂੰ ਉਸੇ ਹਲਕੇ ਦਾ ਇੰਚਾਰਜ ਬਣਾ ਦਿੱਤਾ ਜਾਂਦਾ ਹੈ। ਕੇਂਦਰ ਵਿੱਚ ਮੰਤਰੀ ਵੀ ਬਣਾਇਆ ਗਿਆ ਹੈ।

ਇਮਾਨਦਾਰ, ਚੰਗੇ ਅਕਸ ਅਤੇ ਜਨਤਕ ਸਮੱਸਿਆਵਾਂ ਨੂੰ ਚੰਗੀ ਤਰ੍ਹਾਂ ਸਮਝਣ ਵਾਲੇ ਜਾਗਰੂਕ ਨੇਤਾ ਤੇ ਲੋਕ ਆਪਣਾ ਫਰਜ਼ ਪਛਾਣਨ ਤੇ ਆਖਰੀ ਸਾਲ ਖ਼ੁਸ਼ ਕਰਨ ਵਾਲੀ ਸਿਆਸਤ ਨੂੰ ਨੰਗਾ ਕਰਦੇ ਹੋਏ ਜਨਤਕ ਚੇਤਨਾ ਦੀ ਮੁਹਿੰਮ ਵਿੱਢਣ। ਲੋੜ ਪਵੇ ਤਾਂ ਤਿੱਖਾ ਸੰਘਰਸ਼ ਲਾਮਬੰਦ ਕਰਨ ਤਾਂ ਜੋ ਚੋਣਾਂ ਦੇ ਚੰਗੇ ਸਿੱਟੇ ਨਿਕਲ ਸਕਣ ਅਤੇ ਭਾਰਤ ਸਹੀ ਮਾਅਨਿਆਂ ਵਿੱਚ ਲੋਕਤੰਤਰ ਬਣਿਆ ਰਹੇ।

General ਵੱਰਕਰਾਂ ਦੀ ਤੁਰੰਤ ਲੋੜ ਹੈ

ਬ੍ਰੈਂਪਟਨ ਤੋਂ ਸਿਰਫ 30 ਮਿੰਟਾਂ ਦੀ ਦੂਰੀ ਤੇ

Galvanizing plant located in Acton, ON

ਸਾਰੀਆਂ Shifts available ਹਨ

ਦਿਤੀਆਂ ਜਾਣ ਵਾਲੀਆਂ ਸਹੂਲਤਾਂ:

- Starting wage $16/hr + Medical Benefits
- Company Pension Plan
- Quarterly Incentive bonus

Send Resume to: christopherbrock@azz.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

Your Travel Safety Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

905-707-1512
905-707-1513
Molly@jfgroup.ca

Toronto Head Office:
15 wertheim court # 501
Richmond Hill, ON L4B 3H7

# ਭੁੱਖ ਦੇ ਮਾਰੇ ਲੋਕਾਂ ਨੂੰ ਧਰਮ ਦਾ ਝੰਡਾ ਚੁਕਾਉਣ ਲੱਗੀ ਹੈ ਭਾਜਪਾ



ਜਤਿੰਦਰ ਪੰਨੂ

ਅਗਲੀਆਂ ਲੋਕ ਸਭਾ ਚੋਣਾਂ ਹੋਣ ਵਿੱਚ ਬਹੁਤਾ ਸਮਾਂ ਨਹੀਂ ਰਹਿ ਗਿਆ। ਮਿਥੇ ਸਮੇਂ ਮੁਤਾਬਕ ਕਰਨੀਆਂ ਹੋਣ ਤਾਂ ਫਰਵਰੀ ਵਿੱਚ ਇਸ ਦਾ ਨੋਟੀਫਿਕੇਸ਼ਨ ਜਾਰੀ ਹੋਣਾ ਅਤੇ ਓਸੇ ਦਿਨ ਤੋਂ ਕੁਝ ਰਾਜਾਂ ਵਿੱਚ ਚੋਣ ਜ਼ਾਬਤਾ ਲਾਗੂ ਕਰ ਦਿੱਤਾ ਜਾਣਾ ਬਣਦਾ ਹੈ। ਉਸ ਹਿਸਾਬ ਨਾਲ ਸਰਗਰਮੀ ਚੱਲ ਪਈ ਨਜ਼ਰ ਆਉਂਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਟੀਮ ਇਸ ਵਕਤ ਅਗਲੀਆਂ ਚੋਣਾਂ ਲਈ ਸਮੁੱਚਾ ਹੋਮ-ਵਰਕ ਕਰਨ ਤੇ ਅਜੇ ਤੱਕ ਅੜੇ ਹੋਏ ਲੁਕਵੇਂ ਏਜੰਡੇ ਨੂੰ ਲਾਗੂ ਕਰਨ ਦੇ ਗੇਅਰ ਵਿੱਚ ਪੈ ਚੁੱਕੀ ਹੈ। ਕਾਂਗਰਸ ਪਾਰਟੀ ਦਾ ਕੋੜਮਾ ਅਜੇ ਤੱਕ ਵੀ ਅੱਕੀਂ-ਪਲਾਹੀਂ ਹੱਥ ਮਾਰਦਾ ਫਿਰ ਰਿਹਾ ਹੈ। ਉਨ੍ਹਾਂ ਦਾ ਪ੍ਰਧਾਨ ਰਾਹੁਲ ਗਾਂਧੀ ਪਹਿਲਾਂ ਤੋਂ ਸਿਆਣਾ ਹੋ ਕੇ ਵੀ ਅਜੇ ਸਥਿਤੀ ਦੇ ਹਾਣ ਦਾ ਸਾਬਤ ਨਹੀਂ ਹੋ ਰਿਹਾ।

ਜਿੱਥੋਂ ਤੱਕ ਨਵੇਂ ਸਾਲ ਵਿੱਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਵੱਲੋਂ ਲੁਕਵਾਂ ਏਜੰਡਾ ਲਾਗੂ ਕਰਨ ਦੀ ਗੱਲ ਹੈ, ਉਸ ਵਿੱਚ ਇਸ ਵੇਲੇ ਸਭ ਤੋਂ ਵੱਡਾ ਕੰਮ ਸ਼ਹਿਰਾਂ ਦੇ ਨਾਂਵਾਂ ਦੇ ਬਹਾਨੇ ਹਿੰਦੂਕਰਨ ਦੀ ਉਹ ਲਹਿਰ ਸਿਰੇ ਉੱਤੇ ਪੁਚਾਉਣ ਵਾਲਾ ਹੈ, ਜਿਹੜਾ ਇੱਕ ਵਾਰੀ ਚੱਲ ਪਿਆ ਤਾਂ ਚੋਣਾਂ ਵਿੱਚ ਵਰਤਿਆ ਜਾ ਸਕਦਾ ਹੈ। ਉੱਤਰ ਪ੍ਰਦੇਸ਼ ਦੇ ਅਲਾਹਾਬਾਦ ਦਾ ਨਾਂਅ ਬਦਲ ਕੇ ਪ੍ਰਯਾਗਰਾਜ ਕੀਤਾ ਜਾਣ ਨਾਲ ਖੇਡ ਸ਼ੁਰੂ ਹੋਈ ਤੇ ਫੈਜ਼ਾਬਾਦ ਜ਼ਿਲ੍ਹੇ ਦਾ ਨਾਂਅ ਬਦਲ ਕੇ ਅਯੁੱਧਿਆ ਕਰਨ ਤੱਕ ਪਹੁੰਚ ਗਈ। ਅਯੁੱਧਿਆ ਭਾਰਤੀ ਜਨਤਾ ਪਾਰਟੀ ਵਾਲਿਆਂ ਦੀ ਚੋਣ ਉਠਾਣ ਦਾ ਉਸ ਵੇਲੇ ਤੋਂ ਮੁੱਖ ਕੇਂਦਰ ਬਣਿਆ ਰਿਹਾ ਹੈ, ਜਦੋਂ ਰਾਜੀਵ ਗਾਂਧੀ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਹੂੰਝਾ ਫੇਰਨ ਵਿੱਚ ਕਾਮਯਾਬ ਰਹੀ ਸੀ ਤੇ ਭਾਜਪਾ ਨੂੰ ਸਿਰਫ ਦੋ ਸੀਟਾਂ ਮਿਲੀਆਂ ਸਨ। ਉਸ ਦੇ ਬਾਅਦ ਭਾਜਪਾ ਨੇ ਬਾਬਰੀ ਮਸਜਿਦ ਢਾਹੁਣ ਤੇ ਰਾਮ ਮੰਦਰ ਬਣਾਉਣ ਲਈ ਰਾਮ-ਰੱਥ ਤੋਰਿਆ ਤਾਂ ਸਿੱਟੇ ਵਜੋਂ ਦੂਜੀ ਵਾਰੀ ਛਿਆਸੀ ਸੀਟਾਂ ਅਤੇ ਤੀਜੀ ਵਾਰੀ ਇੱਕ ਸੌ ਉੱਨੀ ਜਿੱਤਣ ਮਗਰੋਂ ਚੌਥੀ ਵਾਰੀ ਇੱਕ ਸੌ ਬਿਆਸੀ ਸੀਟਾਂ ਜਿੱਤ ਕੇ ਪਹਿਲੀ ਵਾਰੀ ਤੇਰਾਂ ਦਿਨ ਇਸ ਦੇਸ਼ ਦੀ ਸਰਕਾਰ ਸਾਂਭਣ ਤੱਕ ਦੀ ਮੱਲ ਮਾਰਨ ਜੋਗੀ ਹੋ ਗਈ ਸੀ। ਉਸ ਵਕਤ ਤੋਂ ਉਸ ਦੀ ਰਾਜਨੀਤੀ ਅਯੁੱਧਿਆ ਦੁਆਲੇ ਘੁੰਮਦੀ ਹੈ। ਫੈਜ਼ਾਬਾਦ ਜ਼ਿਲਾ ਬਹੁਤ ਪੁਰਾਣਾ ਸੀ ਤੇ ਅਯੁੱਧਿਆ ਉਸ ਜ਼ਿਲੇ ਦਾ ਸਭ ਤੋਂ ਵੱਡਾ ਕਸਬਾ ਸੀ, ਜਿੱਥੇ ਪਿਛਲੇ ਹਫਤੇ ਉੱਤਰ ਪ੍ਰਦੇਸ਼ ਦੇ ਭਾਜਪਾ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੀ ਸਰਕਾਰ ਨੇ ਪਲਟੀ ਮਾਰ ਕੇ ਅਯੁੱਧਿਆ ਨੂੰ ਜ਼ਿਲਾ ਬਣਾਇਆ ਤੇ ਉਸ ਕਸਬੇ ਤੋਂ ਵੱਡੇ ਸ਼ਹਿਰ ਫੈਜ਼ਾਬਾਦ ਨੂੰ ਉਸ ਦਾ ਹਿੱਸਾ ਬਣਾਉਣ ਦਾ ਐਲਾਨ ਕਰ ਦਿੱਤਾ ਹੈ। ਅਸੀਂ ਬਹੁਤ ਸਾਰੇ ਲੋਕਾਂ ਬਾਰੇ ਇਹ ਗੱਲ ਜਾਣਦੇ ਹਾਂ ਕਿ ਉਹ ਭਾਜਪਾ ਦੀ ਸਰਕਾਰ ਦੇ ਖਿਲਾਫ ਹਨ, ਪਰ ਅਯੁੱਧਿਆ ਮਾਮਲੇ ਵਿੱਚ ਉਸ ਦੇ ਨਾਲ ਖੜੋ ਜਾਂਦੇ ਹਨ।



ਇਨ੍ਹਾਂ ਦੋਵਾਂ ਸ਼ਹਿਰਾਂ ਦੇ ਨਾਂਅ ਬਦਲਣ ਨਾਲ ਇੱਕ ਤਜਰਬਾ ਕੀਤਾ ਗਿਆ ਹੈ, ਜਿਸ ਦਾ ਵਿਰੋਧ ਹੋਣ ਦੀ ਥਾਂ ਮੋਟੇ ਤੌਰ ਉੱਤੇ ਲੋਕਾਂ ਨੇ ਜਿਸ ਤਰ੍ਹਾਂ ਚੁੱਪ ਕਰ ਕੇ ਹਜ਼ਮ ਕਰ ਲਿਆ, ਉਸ ਨਾਲ ਕਈ ਹੋਰ ਥਾਂਵਾਂ ਤੋਂ ਇਹ ਮੰਗ ਉੱਠਣ ਲੱਗ ਪਈ ਹੈ। ਇਸ ਵਕਤ ਸਭ ਤੋਂ ਉੱਭਰਵੀਂ ਮੰਗ ਗੁਜਰਾਤ ਦੇ ਸਭ ਤੋਂ ਵੱਡੇ ਸ਼ਹਿਰ ਅਹਿਮਦਾਬਾਦ ਦਾ ਨਾਂਅ ਬਦਲਣ ਅਤੇ ਇਸ ਦਾ ਨਵਾਂ ਨਾਂਅ ਕਰਨਾਵਤੀ ਰੱਖਣ ਵਾਸਤੇ ਹੋਈ ਹੈ। ਓਥੇ ਰਾਜ ਸਰਕਾਰ ਇਸ ਨੂੰ ਛੇਤੀ ਸਿਰੇ ਚਾੜ੍ਹਨ ਲਈ ਤਿਆਰ ਹੋਈ ਪਈ ਹੈ ਤੇ ਸ਼ਾਇਦ ਇਸ ਹਫਤੇ ਇਹ ਕੰਮ ਵੀ ਹੋ ਜਾਵੇਗਾ। ਇਸ ਦੌਰਾਨ ਮੁਜ਼ੱਫਰਨਗਰ ਦੇ ਦੰਗਿਆਂ ਵੇਲੇ ਸਭ ਤੋਂ ਵੱਧ ਬਦਨਾਮੀ ਖੱਟਣ ਵਾਲਾ ਅਤੇ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਨਰਿੰਦਰ ਮੋਦੀ ਦੇ ਮੰਚ ਉੱਤੇ ਝਲਕ ਦਿਖਲਾ ਚੁੱਕਾ ਭਾਜਪਾ ਵਿਧਾਇਕ ਸੰਗੀਤ ਸੋਮ ਵੀ ਝੰਡਾ ਚੁੱਕ ਖੜੋਤਾ ਹੈ। ਉਹ ਜਿਸ ਸਰਧਨਾ ਵਿਧਾਨ ਸਭਾ ਹਲਕੇ ਦਾ ਵਿਧਾਇਕ ਹੈ, ਉਸ ਦਾ ਨਵਾਂ ਨਾਂਅ ਲਕਸ਼ਮੀ ਨਗਰ ਰੱਖਣ ਦੀ ਮੰਗ ਉਠਾਈ ਗਈ ਹੈ। ਆਗਰੇ ਵਿੱਚ ਭਾਜਪਾ ਵਿਧਾਇਕ ਜਗਨ ਪ੍ਰਸਾਦ ਗਰਗ ਕਹਿੰਦਾ ਹੈ ਕਿ ਇਸ ਦਾ ਨਵਾਂ ਨਾਂਅ ਅਗਰਾਵਾਨ ਰੱਖਣਾ ਚਾਹੀਦਾ ਹੈ। ਉੱਤਰ ਪ੍ਰਦੇਸ਼ ਦੇ ਅਲੀਗੜ੍ਹ ਨੂੰ ਹਰੀਨਗਰ ਬਣਾਉਣ ਦੀ ਮੰਗ ਵੀ ਉੱਠ ਪਈ ਹੈ। ਇੱਕ ਹੋਰ ਭਾਜਪਾ ਵਿਧਾਇਕ ਨੇ ਮੰਗ ਪੇਸ਼ ਕਰ ਦਿੱਤੀ ਹੈ ਕਿ ਬਸਤੀ ਸ਼ਹਿਰ ਦਾ ਨਾਂਅ ਵੀ ਬਦਲ ਕੇ ਰਿਸ਼ੀ ਵਾਸ਼ਿਸ਼ਟ ਦੇ ਨਾਂਅ ਉੱਤੇ ਵਾਸ਼ਿਸ਼ਟ ਨਗਰ ਰੱਖ ਦੇਣਾ ਬਣਦਾ ਹੈ। ਇਹ ਅਸਲ ਵਿੱਚ ਮੰਗਾਂ ਦੀ ਇੱਕ ਲੰਮੀ-ਚੌੜੀ ਲੜੀ ਹੈ। ਇਸ ਲੜੀ ਦਾ ਸੰਬੰਧ ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ ਨਾਲ ਹੈ।

ਉਂਜ ਸਾਡੇ ਲੋਕ ਬੜੀ ਛੋਟੀ ਯਾਦਦਾਸ਼ਤ ਵਾਲੇ ਹਨ। ਹਾਲੇ ਚਾਰ ਸਾਲ ਨਹੀਂ ਹੋਏ, ਜਦੋਂ ਹਰਿਆਣੇ ਵਿੱਚ ਭਾਜਪਾ ਦੀ ਸਰਕਾਰ ਬਣਦੇ ਸਾਰ ਗੁੜਗਾਉਂ ਦਾ ਨਾਂਅ ਬਦਲ ਕੇ 'ਗੁਰੂ ਗ੍ਰਾਮ' ਰੱਖਿਆ ਗਿਆ ਸੀ। ਪੁੱਛਣ ਉੱਤੇ ਦੱਸਿਆ ਗਿਆ ਕਿ ਕੌਰਵਾਂ ਅਤੇ ਪਾਂਡਵਾਂ ਨੂੰ ਤੀਰਅੰਦਾਜ਼ੀ ਦੀ ਸਿੱਖਿਆ ਦੇਣ ਵਾਲੇ ਪ੍ਰਸਿੱਧ ਗੁਰੂ ਦਰੋਣਾਚਾਰੀਆ ਦਾ ਆਸ਼ਰਮ ਇਸ ਥਾਂ ਹੁੰਦਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਭਾਰਤ ਦੀ ਵਿਰਾਸਤ ਵਿੱਚ ਗੁਰੂ ਦਰੋਣਾਚਾਰੀਆ ਦੀ ਬਹੁਤ ਵੱਡੀ ਦੇਣ ਹੋਣ ਕਰ ਕੇ ਉਸ ਦਾ ਨਾਂਅ ਇਸ ਸ਼ਹਿਰ ਨਾਲ ਜੋੜ ਦਿੱਤਾ ਗਿਆ ਹੈ। ਇਹ ਗੱਲ ਮੰਨ ਲਈ ਜਾਵੇ ਤਾਂ ਇੱਕ ਸਵਾਲ ਉੱਠਦਾ ਹੈ। ਜਿਸ ਗੁਰੂ ਦਰੋਣਾਚਾਰੀਆ ਦੀ ਏਨੀ ਮਹਿਮਾ ਦੱਸੀ ਜਾਂਦੀ ਹੈ, ਉਸ ਕੋਲ ਦਲਿਤ ਪਰਵਾਰ ਦਾ ਬੱਚਾ ਏਕਲਵਿਆ ਵੀ ਗਿਆ ਸੀ ਤੇ ਇਹ ਅਰਜ਼ ਕੀਤੀ ਸੀ ਕਿ ਇੱਕ ਸੌ ਅਤੇ ਪੰਜ ਨੌਜਵਾਨ ਮਿਲਾ ਕੇ ਜਿੱਥੇ ਇੱਕ ਸੌ ਪੰਜਾਂ ਨੂੰ ਸਿਖਾ ਰਹੇ ਹੋ, ਗਰੀਬੜੇ ਨੂੰ ਵੀ ਨਾਲ ਸਿਖਾਈ ਜਾਓ। ਮਹਾਨ ਦੱਸੇ ਜਾਂਦੇ ਇਸ ਗੁਰੂ ਨੇ ਉਸ ਨੂੰ ਝਿੜਕ ਕੇ ਭਜਾ ਦਿੱਤਾ ਸੀ। ਉਸ ਬੱਚੇ ਦੀ ਦੀਨਗੀ ਦੀ ਹੱਦ ਕਿ ਉਸ ਨੇ ਬਾਹਰ ਜਾ ਕੇ ਏਸੇ ਗੁਰੂ ਦਰੋਣਾਚਾਰੀਆ ਦੀ ਮਿੱਟੀ ਦੀ ਮੂਰਤੀ ਬਣਾਈ ਤੇ ਉਸ ਨੂੰ ਪ੍ਰਣਾਮ ਕਰਨ ਪਿੱਛੋਂ ਤੀਰ ਚਲਾਉਣ ਦੀ ਪ੍ਰੈਕਟਿਸ ਕਰਨ ਲੱਗ ਪਿਆ। ਜਿਸ ਦਿਨ ਅਰਜਨ ਦੇ ਮੁਕਾਬਲੇ ਉਸ ਦੀ ਤੀਰ ਅੰਦਾਜ਼ੀ ਕਲਾ ਵਧੇਰੇ ਤਿੱਖੀ ਵੇਖੀ ਤਾਂ ਗੁਰੂ ਦਰੋਣਾਚਾਰੀਆ ਨੇ ਉਸ ਦੇ ਗੁਰੂ ਬਾਰੇ ਪੁੱਛ ਲਿਆ ਤੇ ਜਦੋਂ ਮੁੰਡੇ ਨੇ ਦੱਸਿਆ ਕਿ ਗੁਰੂ ਉਹ ਦਰੋਣਾਚਾਰੀਆ ਨੂੰ ਹੀ ਮੰਨ ਕੇ ਸਿੱਖਦਾ ਰਿਹਾ ਹੈ ਤਾਂ ਦਰੋਣਾਚਾਰੀਆ ਨੂੰ ਇਸ ਨਾਲ ਖੁਸ਼ੀ ਨਹੀਂ ਸੀ ਹੋਈ, ਈਰਖਾ ਜਾਗ ਪਈ ਸੀ। ਉਸ ਨੇ ਮੁੰਡੇ ਨੂੰ ਕਿਹਾ ਕਿ ਜੇ ਮੈਨੂੰ ਗੁਰੂ ਮੰਨਿਆ ਹੈ ਤਾਂ ਮੇਰੀ ਗੁਰੂ-ਦਕਸ਼ਿਣਾ ਦੇਣੀ ਪਵੇਗੀ। ਮੁੰਡੇ ਨੇ ਗੁਰੂ-ਦਕਸ਼ਿਣਾ ਪੁੱਛ ਲਈ। ਅੱਗੋਂ ਗੁਰੂ ਨੇ ਉਸ ਦਾ ਅੰਗੂਠਾ ਮੰਗ ਲਿਆ, ਜਿਸ ਬਿਨਾਂ ਉਹ ਮੁੰਡਾ ਤੀਰ ਨਹੀਂ ਸੀ ਚਲਾ ਸਕਦਾ। ਬੱਚੇ ਦੀ ਹਿੰਮਤ ਵੇਖੋ ਕਿ ਉਸ ਨੇ ਗੁਰੂ ਦੇ ਕਹੇ ਉੱਤੇ ਆਪਣਾ ਸੱਜਾ ਅੰਗੂਠਾ ਵੀ ਵੱਢ ਕੇ ਫੜਾ ਦਿੱਤਾ ਸੀ। ਚੇਲਾ ਆਪਣੇ ਵਿਸ਼ਵਾਸ ਦਾ ਪੂਰਾ ਨਿਕਲਿਆ ਤੇ ਗੁਰੂ ਨੇ ਕੂਟਨੀਤੀ ਨੂੰ ਵੀ ਦਾਗ ਲਾ ਦਿੱਤਾ। ਉਸ ਗੁਰੂ ਦੇ ਨਾਂਅ ਦਾ ਸ਼ਹਿਰ ਹੋ ਗਿਆ। ਭਾਜਪਾ ਦੇ ਕਿਸੇ ਆਗੂ ਨੂੰ ਇਹ ਖਿਆਲ ਨਹੀਂ ਆਇਆ ਕਿ ਗੁਰੂ ਦਰੋਣਾਚਾਰੀਆ ਦੇ ਨਾਂਅ ਦਾ ਸ਼ਹਿਰ ਬਣਾ ਦਿੱਤਾ ਤਾਂ ਗਰੀਬ ਬੱਚੇ ਦੇ ਨਾਂਅ ਦਾ ਕੋਈ ਚੌਕ ਹੀ ਬਣਾ ਦੇਈਏ। ਇਹੋ ਤਾਂ ਵੱਡਾ ਪੇਚ ਹੈ ਭਾਜਪਾ ਦੀ ਰਾਜਨੀਤੀ ਦਾ।

ਜੀ ਹਾਂ, ਇਹੋ ਵੱਡਾ ਤੇ ਸ਼ਾਇਦ ਸਭ ਤੋਂ ਵੱਡਾ ਪੇਚ ਹੈ ਭਾਜਪਾ ਦੀ ਉਸ ਰਾਜਨੀਤੀ ਦਾ, ਜਿਸ ਨੂੰ ਮੂਹਰੇ ਰੱਖ ਕੇ ਉਹ ਸ਼ਹਿਰਾਂ ਦੇ ਨਾਂਅ ਬਦਲ ਕੇ ਭੁੱਖ ਦੇ ਮਾਰੇ ਲੋਕਾਂ ਨੂੰ ਧੱਕੇ ਨਾਲ ਧਰਮ ਦਾ ਝੰਡਾ ਚੁਕਾਉਣ ਤੁਰੀ ਹੋਈ ਹੈ।

# ਜੇ ਲਗਨ ਹੋਵੇ ਤਾਂ ਅਨਹੋਣੀ ਵੀ ਹੋਣੀ ਬਣ ਸਕਦੀ ਹੈ!

ਸਾਡੇ ਦੇਸ਼, ਉਸਦੇ ਸ਼ਹਿਰਾਂ 'ਤੇ ਪਿੰਡਾਂ ਵਿੱਚ ਆਏ ਦਿਨ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ, ਜਿਨ੍ਹਾਂ ਵਿਚੋਂ ਕਈ ਤਾਂ ਮੋਟੀਆਂ ਸੁਰਖੀਆਂ ਬਣ ਅਖਬਾਰਾਂ ਦੇ ਮੁੱਖ ਪੰਨਿਆਂ ਪੁਰ ਛਾ ਜਾਂਦੀਆਂ ਹਨ ਤੇ ਕੁਝ ਅਜਿਹੀਆਂ ਹੁੰਦੀਆਂ ਹਨ, ਜੋ ਉਨ੍ਹਾਂ ਹੀ ਅਖਬਾਰਾਂ ਦੇ ਪਿਛਲੇ ਪੰਨਿਆਂ ਦੇ ਅਣਗੌਲੇ ਕੀਤੇ ਜਾ ਸਕਣ ਵਾਲੇ ਕਾਲਮਾਂ ਦੀ ਨੁਕਰ ਵਿੱਚ ਦਬ ਕੇ ਰਹਿ ਜਾਂਦੀਆਂ ਹਨ। ਇਸਦਾ ਕਾਰਣ ਇਹ ਨਹੀਂ ਹੁੰਦਾ ਕਿ ਮੁੱਖ ਪੰਨਿਆਂ ਪੁਰ ਸੁਰਖੀਆਂ ਬਣ ਆਉਣ ਵਾਲੀਆਂ ਖਬਰਾਂ ਮਹਤੱਵਪੂਰਨ ਅਤੇ ਪਿਛਲੇ ਪੰਨਿਆਂ ਦੇ ਕਾਲਮਾਂ ਵਿੱਚ ਦਬੀਆਂ ਰਹਿ ਜਾਣ ਵਾਲੀਆਂ ਮਹਤੱਵਹੀਨ ਹੁੰਦੀਆਂ ਹਨ। ਜੇ ਕਦੀ ਗੰਭੀਰਤਾ ਨਾਲ ਵਿਚਾਰਿਆ ਜਾਏ ਤਾਂ ਅਖਬਾਰਾਂ ਦੇ ਅਣਗੌਲੇ ਕਾਲਮਾਂ ਦੇ ਕੋਨਿਆਂ ਵਿੱਚ ਦਬ ਗਈਆਂ ਕਈ ਖਬਰਾਂ, ਮੁੱਖ ਪੰਨਿਆਂ ਪੁਰ ਸੁਰਖੀਆਂ ਬਣ ਕੇ ਆਈਆਂ ਖਬਰਾਂ ਨਾਲੋਂ ਵੀ ਕਿਤੇ ਵੱਧੇਰੇ ਮਹਤੱਵਪੂਰਣ ਹੁੰਦੀਆਂ ਹਨ, ਇਹ ਗਲ ਵਖਰੀ ਹੈ ਕਿ ਕਿਸੇ ਦੀ ਨਿਜੀ ਸੋਚ, ਖਬਰਾਂ ਨਾਲ ਵਿਤਕਰਾ ਕਰਨ ਤੇ ਮਜਬੂਰ ਹੋ ਜਾਂਦੀ ਹੈ। ਇਨ੍ਹਾਂ ਅਣਗੌਲੇ ਕੀਤੇ ਜਾਂਦੇ ਕਾਲਮਾਂ ਵਿੱਚ ਸਮੇਂ-ਸਮੇਂ ਛਪੀਆਂ ਕੁਝ ਅਜਿਹੀਆਂ ਹੀ ਖਬਰਾਂ ਇਥੇ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ, ਜਿਨ੍ਹਾਂ ਵਿਚੋਂ ਕਈ ਭਾਵੇਂ ਸੁਰਖੀਆਂ ਵਿੱਚ ਆ ਕੇ ਵੀ ਪਾਠਕਾਂ ਦੀਆਂ ਨਜ਼ਰਾਂ ਵਿੱਚ ਚੜ੍ਹ ਨਹੀਂ ਸਕੀਆਂ ਤੇ ਕਈ ਨੁਕਰਾਂ ਵਿੱਚ ਦਬ ਕੇ ਵੀ ਆਪਣੇ ਮਹਤੱਵਪੂਰਣ ਹੋਣ ਦਾ ਸੁਨੇਹਾ ਦੇ ਗਈਆਂ ਹਨ।

ਜਦੋਂ ਝਾੜੂ ਚੁਕ ਲਿਆ : ਜਨ ਸੇਵਾ ਦਾ ਜਜ਼ਬਾ ਇੱਕ ਅਨੋਖੀ ਲਗਨ ਹੈ। ਦਰੀਆ ਗੰਜ, ਦਿੱਲੀ ਦੇ ਇੱਕ 60 ਵਰ੍ਹਿਆਂ ਦੇ ਮੁਹੰਮਦ ਅਹਿਮਦ ਸੈਫੀ ਅਤੇ 65 ਵਰ੍ਹਿਆਂ ਦੇ ਮੁਹੰਮਦ ਹਨੀਫ ਨੇ ਇਸੇ ਲਗਨ ਅਧੀਨ ਸਫਾਈ ਸੇਵਾ, ਜੋ ਸਰੋਕਾਰ ਅਤੇ ਸੰਸਕਾਰ ਹੈ, ਦੀ ਸੋਚ ਨੂੰ ਆਪਣੇ ਜੀਵਨ ਵਿੱਚ ਅਪਨਾਇਆ ਅਤੇ ਅਪਣੀ ਗਲੀ ਨੂੰ ਦੂਸਰਿਆਂ ਲਈ ਇੱਕ ਮਿਸਾਲ ਬਣਾ ਦਿੱਤਾ। ਦਿੱਲੀ ਦੀ ਛੱਤਾ ਲਾਲ ਮੀਆਂ ਗਲੀ ਬਹਾਰ ਵਾਲੀ ਦੇ ਵਾਸੀ ਸਵੇਰੇ ਸ਼ਾਮ ਵਜਣ ਵਾਲੀ ਇੱਕ ਸੀਟੀ ਦਾ ਬੇਸਬਰੀ ਨਾਲ ਇੰਤਜ਼ਤਾਰ ਕਰਦੇ ਹਨ। ਇਸ ਸੀਟੀ ਦੀ ਅਵਾਜ਼ ਤੇ ਗਲੀ ਵਾਸੀ ਕੂੜੇ ਦੀਆਂ ਥੈਲੀਆਂ ਠੇਲੇ ਵਿੱਚ ਪਾਣ ਲਈ ਘਰਾਂ ਵਿਚੋਂ ਬਾਹਰ ਨਿਕਲ ਆਉਂਦੇ ਹਨ। ਸ਼ੈਫੀ ਅਤੇ ਹਨੀਫ ਇਨ੍ਹਾਂ ਥੈਲੀਆਂ ਨੂੰ ਇਕਠਿਆਂ ਕਰਦੇ ਹਨ ਅਤੇ ਠੇਲੇ ਵਿੱਚ ਪਾ ਢਲਾਵਘਰ (ਕੂੜਾ ਘਰ) ਤਕ ਪਹੁੰਚਾ ਦਿੰਦੇ ਹਨ। ਬਿਜਲੀ ਦਾ ਕੰਮ ਕਰਨ ਵਾਲੇ ਮੁਹੰਮਦ ਅਹਿਮਦ ਸੈਫੀ ਨੇ ਦਸਿਆ ਕਿ ਢਾਈ-ਕੁ ਸਾਲ ਪਹਿਲਾਂ ਉਨ੍ਹਾਂ ਆਪਣੀ ਗਲੀ ਨੂੰ ਸਾਫ ਰਖਣ ਲਈ ਇਹ ਕਦਮ ਚੁਕਿਆ। ਉਨ੍ਹਾਂ ਨੂੰ ਸਹਿਯੋਗ ਦੇਣ ਲਈ ਮੁਹੰਮਦ ਹਨੀਫ, ਜੋ ਗੂੰਗਾ ਤੇ ਬਹਿਰਾ ਹੈ, ਵੀ ਅਗੇ ਆ ਗਿਆ, ਉਹ ਬੁਕ ਬਾਈਡਿੰਗ ਦਾ ਕੰਮ ਕਰ ਆਪਣਾ ਅਤੇ ਪਰਿਵਾਰ ਦਾ ਗੁਜ਼ਾਰਾ ਚਲਾਂਦਾ ਹੈ। ਉਨ੍ਹਾਂ ਇਹ ਵੀ ਦਸਿਆ ਕਿ ਗਲ 2016 ਵਰ੍ਹੇ ਦੇ ਉਸ ਸਮੇਂ ਦੀ ਹੈ, ਜਦੋਂ ਨਿਗਮ ਦੇ ਸਫਾਈ ਕਰਮਚਾਰੀ ਹੜਤਾਲ ਤੇ ਚਲੇ ਗਏ ਸਨ। ਉਸ ਸਮੇਂ ਗਲੀ ਵਿੱਚ ਕੂੜੇ ਦੇ ਢੇਰ ਲਗਣ ਲਗ ਜਾਣ ਦੇ ਫਲਸਰੂਪ ਬੀਮਾਰੀਆਂ ਫੈਲਣ ਦਾ ਖਤਰਾ ਪੈਦਾ ਹੋਣ ਲਗ ਪਿਆ ਸੀ। ਇਨ੍ਹਾਂ ਹਾਲਾਤ ਤੋਂ ਚਿੰਤਤ ਹੋ ਸੈਫੀ ਨੇ, ਗਲੀ ਵਿਚੋਂ ਗੰਦਗੀ ਸਾਫ ਕਰਨ ਦਾ ਇਰਾਦਾ ਧਾਰਿਆ ਤੇ ਹੱਥਾਂ ਵਿੱਚ ਬੇਲਚੇ ਨਾਲ ਹੀ ਝਾੜੂ ਵੀ



ਜਸਵੰਤ ਸਿੰਘ 'ਅਜੀਤ'

ਫੜ ਲਈ। ਹਨੀਫ ਵੀ ਉਨ੍ਹਾਂ ਦੀ ਮਦਦ ਕਰਨ ਲਈ ਅਗੇ ਆ ਗਿਆ। ਸੈਫੀ ਨੇ ਹੋਰ ਦਸਿਆ ਕਿ ਨਿਗਮ ਨੇ ਵੀ ਉਨ੍ਹਾਂ ਦਾ ਪੂਰਾ ਸਾਥ ਦਿੱਤਾ। ਨਿਗਮ ਵਲੋਂ ਉਨ੍ਹਾਂ ਨੂੰ ਦੋ ਠੇਲੇ ਅਤੇ ਬੇਲਚਾ ਦਿੱਤਾ ਗਿਆ। ਝਾੜੂ ਜਦੋਂ ਖਰਾਬ ਹੋ ਜਾਂਦਾ ਹੈ ਤਾਂ ਉਹ ਆਪ ਆਪਣੇ ਪੈਸਿਆਂ ਨਾਲ ਖਰੀਦ ਲੈਂਦੇ ਹਨ। ਗਲੀ ਦੇ ਲੋਕੀ ਕੂੜਾ ਜਨਤਕ ਥਾਵਾਂ ਪੁਰ ਨਾ ਸੁਟਣ, ਇਸਦੇ ਲਈ ਉਨ੍ਹਾਂ ਗਲੀ ਵਿੱਚ ਦੋ ਕੂੜੇ-ਦਾਨ ਵੀ ਰਖੇ ਹੋਏ ਹਨ।

ਇੰਜੀਨੀਅਰਾਂ ਵੀ ਝਾੜੂ ਚੁਕਿਆ: ਨੋਇਡਾ ਦੇ ਦੋ ਆਈਟੀ ਇੰਜੀਨੀਅਰਾਂ, ਬ੍ਰਿਜੇਸ਼ ਅਤੇ ਪੀਯੂਸ਼ ਨੇ ਹਥਾਂ ਵਿੱਚ ਲੈਪਟਾਪ ਦੇ ਨਾਲ ਹੀ ਜਦੋਂ ਝਾੜੂ ਫੜੀ ਤਾਂ ਨਾ ਕੇਵਲ ਉਨ੍ਹਾਂ ਦੇ ਆਸ-ਪਾਸ ਹੀ ਸਫਾਈ ਦੀ ਲਹਿਰ ਚਲੀ, ਸਗੋਂ ਇਸ ਲਹਿਰ ਨੇ ਮੁਹਿੰਮ ਦਾ ਰੂਪ ਵੀ ਧਾਰਣ ਕਰ ਲਿਆ। ਹਾਲਾਂਕਿ ਉਨ੍ਹਾਂ ਇਹ ਮੁਹਿੰਮ ਆਪਣੇ ਅਪਾਰਟਮੈਂਟ ਨੂੰ ਕੂੜਾ-ਕਰਕਟ ਤੋਂ ਮੁਕਤ ਰਖਣ ਲਈ ਅਰੰਭੀ ਸੀ, ਪਰ ਹੁਣ ਸਫਾਈ ਦੇ ਨਾਲ-ਨਾਲ ਹਰਿਆਲੀ ਨੂੰ ਵੀ ਉਨ੍ਹਾਂ ਆਪਣਾ ਮਕਸਦ ਬਣਾ ਲਿਆ ਹੈ। ਖਬਰਾਂ ਅਨੁਸਾਰ ਲੋਕੀ ਉਨ੍ਹਾਂ ਦੇ ਉਤਸਾਹ ਤੋਂ ਇਤਨੇ ਪ੍ਰਭਾਵਤ ਹੋਏ ਕਿ ਉਹ ਆਪਣੇ ਆਪ ਹੀ ਉਨ੍ਹਾਂ ਨਾਲ ਜੁੜਨ ਲਈ ਅਗੇ ਆਉਣ ਲਗ ਪਏ। ਦਸਿਆ ਗਿਆ ਹੈ ਕਿ ਪੰਜ-ਕੁ ਸਾਲ ਪਹਿਲਾਂ ਦੋਹਾਂ ਦੋਸਤਾਂ ਨੇ ਫੈਸਲਾ ਕੀਤਾ ਸੀ ਕਿ ਉਹ ਹਰ ਐਤਵਾਰ ਸੋਸਾਇਟੀ ਵਿੱਚ ਸਾਫ ਸਫਾਈ ਕੀਤਾ ਕਰਨਗੇ। ਜਦੋਂ ਉਨ੍ਹਾਂ ਦੀ ਪਹਿਲ ਨਾਲ ਸੋਸਾਇਟੀ ਦੀ ਸੂਰਤ ਬਦਲ ਗਈ ਤਾਂ ਉਨ੍ਹਾਂ ਆਪਣੀ ਲਗਨ ਤੇ ਮਿਹਨਤ ਨਾਲ ਗੰਦਗੀ-ਭਰੇ ਨੇੜੇ ਦੇ ਪਾਰਕ ਦੀ ਸਾਫ-ਸਫਾਈ ਕਰ ਉਸਨੂੰ ਆਮ ਲੋਕਾਂ ਲਈ ਸੈਰ ਕਰਨ ਦੇ ਯੋਗ ਬਣਾ ਦਿੱਤਾ। ਹੁਣ ਉਨ੍ਹਾਂ ਸਫਾਈ ਦੇ ਨਾਲ-ਨਾਲ ਬੂਟੇ ਲਾਉਣੇ ਵੀ ਸ਼ੁਰੂ ਕਰ ਦਿੱਤੇ ਹਨ। ਜਿਸਦਾ ਨਤੀਜਾ ਇਹ ਹੋਇਆ ਹੈ ਕਿ ਇਲਾਕਾ ਤਾਂ ਸਾਫ-ਸੁਥਰਾ ਰਹਿਣ ਹੀ ਲਗ ਪਿਆ, ਇਸਦੇ ਨਾਲ ਪਾਰਕ ਵਿੱਚ ਲਗੇ ਲਗਭਗ ਢਾਈ ਹਜ਼ਾਰ ਹਰੇ-ਭਰੇ ਦਰਖਤ ਤੇ ਬੂਟੇ ਵਾਤਾਵਰਣ ਨੂੰ ਵੀ ਪ੍ਰਦੂਸ਼ਣ-ਮੁਕਤ ਕਰ ਰਹੇ ਹਨ। ਦਸਿਆ ਗਿਆ ਹੈ ਕਿ ਦੋਹਾਂ ਦੀ ਉਮਰ ਲਗਭਗ 35 ਵਰ੍ਹੇ ਹੈ। ਉਨ੍ਹਾਂ ਦਾ ਇਲਾਕਾ ਹਮੇਸ਼ਾਂ ਹੀ ਗੰਦਗੀ ਨਾਲ ਭਰਿਆ ਰਹਿੰਦਾ ਸੀ। ਜਿਸਦੀ ਸਫਾਈ ਕਰਵਾਂਦਿਆਂ ਰਹਿਣ ਲਈ, ਉਨ੍ਹਾਂ ਅਥਾਰਿਟੀ ਨੂੰ ਕਈ ਚਿਠੀਆਂ ਲਿਖੀਆਂ। ਪਰ ਕੋਈ ਅਸਰ ਨਾ ਹੋਇਆ। ਜਦੋਂ ਉਨ੍ਹਾਂ ਨੂੰ ਚਿਠੀਆਂ ਲਿਖਣ ਨਾਲ ਕੁਝ ਵੀ ਬਣਦਾ ਨਜ਼ਰ ਨਾ ਅਇਆ ਤਾਂ ਉਨ੍ਹਾਂ ਆਪ ਹੀ ਸਫਾਈ ਕਰਨ ਦਾ ਬੀੜਾ ਚੁਕ ਲਿਆ।

ਸਕੂਲ ਦੀ ਨੁਹਾਰ ਬਦਲੀ : ਬਿਹਾਰ ਦੇ ਸਮਸਤੀਪੁਰ ਵਿਖੇ ਇੱਕ ਸਕੂਲ ਅਜਿਹਾ ਦਸਿਆ ਜਾ ਰਿਹਾ ਹੈ, ਜਿਥੇ ਹਰ ਰੋਜ਼ ਬੱਚੇ ਆਪਣਾ ਅਖਬਾਰ ਕਢਦੇ ਹਨ। ਇਸ ਸਕੂਲ ਵਿੱਚ ਰੋਜ਼ ਹੀ ਕਿਸੇ ਨਾ ਕਿਸੇ ਮੁਕਾਬਲੇ ਦਾ ਆਯੋਜਨ ਕੀਤਾ ਜਾਂਦਾ ਹੈ ਅਤੇ ਖੇਡਾਂ ਦਾ ਪੀਰੀਅਡ ਵੀ ਲਾਇਆ ਜਾਂਦਾ ਹੈ। ਦਸਿਆ ਗਿਆ ਹੈ ਕਿ ਇਹ ਕੋਈ ਪ੍ਰਾਈਵੇਟ (ਨਿਜੀ) ਸਕੂਲ ਨਹੀਂ, ਸਗੋਂ ਇੱਕ ਸਰਕਾਰੀ ਸਕੂਲ ਹੈ। ਇਸ ਸਰਕਾਰੀ ਸਕੂਲ ਦੇ ਹੈੱਡ ਮਾਸਟਰ ਰਾਮ ਪ੍ਰਵੇਸ਼ ਠਾਕਰ ਨੇ ਬਿਨਾ ਕਿਸੇ ਤਰ੍ਹਾਂ ਦੀ ਸਰਕਾਰੀ ਮਦਦ ਦੇ ਪੂਰੇ ਸਕੂਲ ਦੀ ਨੁਹਾਰ ਬਦਲ ਦਿੱਤੀ ਹੈ। ਕਿਹਾ ਜਾਂਦਾ ਹੈ ਕਿ ਕਦੀ ਜਰਜਰ ਦੀਵਾਰਾਂ ਅਤੇ ਦੀਮਕ ਲਗੇ ਦਰਵਾਜ਼ਿਆਂ ਦੀ ਪਛਾਣ ਵਾਲਾ ਸਕੂਲ ਅੱਜ ਸਿਖਿਆ ਐਕਸਪ੍ਰੈਸ (ਰੇਲ ਦੇ ਉੱਚ-ਕਲਾਸ ਦੇ ਡੱਬੇ) ਦੇ ਰੂਪ ਵਿੱਚ ਜਾਣਿਆ ਜਾਣ ਲਗ ਪਿਆ ਹੈ। ਉਨ੍ਹਾਂ ਵਲੋਂ ਕੀਤੇ ਗਏ ਇੱਕ ਛੋਟੇ ਜਿਹੇ ਤਜਰਬੇ ਦਾ ਹੀ ਇਹ ਨਤੀਜਾ ਹੋਇਆ ਹੈ ਕਿ ਇਸ ਸਕੂਲ ਦੇ ਵਿਦਿਆਰਥੀ ਬਹੁਤ ਹੀ ਬੇਸਬਰੀ ਨਾਲ ਸਵੇਰ ਦੇ ਦਸ ਵਜਣ ਦਾ ਇੰਤਜ਼ਾਰ ਕਰਨ ਲਗਦੇ ਹਨ। ਬਿਨਾਂ ਕਿਸੇ ਉਚੇਚੇ ਤਰਦਦ ਦੇ ਹਰ ਕਲਾਸ ਵਿੱਚ ਸੌ ਪ੍ਰਤੀਸ਼ਤ ਹਾਜ਼ਰੀ ਰਹਿੰਦੀ ਹੈ।

...ਅਤੇ ਅੰਤ ਵਿੱਚ : ਦਸਿਆ ਜਾਂਦਾ ਹੈ ਕਿ ਇਸ ਸਮੇਂ ਦੇਸ਼ ਵਿੱਚ 9 ਲੱਖ ਤੋਂ ਵੀ ਵੱਧ ਪ੍ਰਾਇਮਰੀ ਅਤੇ ਪੌਣੇ ਦੋ ਲੱਖ ਦੇ ਲਗਭਗ ਮਿਡਲ ਕਲਾਸਾਂ ਦੇ ਅਧਿਆਪਕਾਂ ਦੀਆਂ ਅਸਾਮੀਆ ਖਾਲੀ ਪਈਆਂ ਹਨ। ਬਾਰਾਂ ਹਜ਼ਾਰ ਦੇ ਲਗਭਗ ਅਜਿਹੇ ਸਕੂਲ ਹਨ ਜਿਨ੍ਹਾਂ ਦੀਆਂ ਇਮਾਰਤਾਂ ਜਰਜਰ ਹੋ ਖਤਰਨਾਕ ਹਾਲਤ ਵਿੱਚ ਪੁਜ ਗਈਆਂ ਹੋਈਆਂ ਹਨ ਅਤੇ 7 ਲੱਖ ਤੋਂ ਵੀ ਕਿਤੇ ਵੱਧ ਜਮਾਤਾਂ ਦੇ ਕਮਰਿਆਂ ਦੀ ਵੱਡੇ ਪੈਮਾਨੇ ਤੇ ਮੁਰੰਮਤ ਜਲਦੀ ਤੋਂ ਜਲਦੀ ਕਰਵਾਏ ਜਾਣ ਦੀ ਲੋੜ ਹੈ।

ਮਿੰਨੀ ਕਹਾਣੀ

# ਬਾਤਾਂ ਵਾਲਾ ਬਾਬਾ

-ਬੇਅੰਤ ਸਿੰਘ ਬਾਜਵਾ

ਸੁਰਜਨ ਸਿਹੁੰ ਦੀ ਉਮਰ ਸੱਠਾਂ ਤੋਂ ਟੱਪ ਚੱਲੀ ਸੀ। ਉਹ ਚਾਲੀ ਘੁੰਮਾਂ ਦਾ ਮਾਲਕ ਸੀ। ਜਵਾਕਾਂ ਨਾਲ ਘਰ ਹਰਿਆ ਭਰਿਆ ਸੀ। ਉਸ ਨੇ ਜਵਾਨੀ ਵੇਲੇ ਜਾਨ ਤੋੜ ਕੇ ਕੰਮ ਕੀਤਾ ਤਾਂ ਦਸ ਘੁਮਾਂ ਜ਼ਮੀਨ ਬਣੀ ਸੀ। ਓਦੋਂ ਉਹ ਖੇਤੀਂ ਕੰਮ ਕਰਨ ਦੇ ਨਾਲ ਮੱਝਾਂ ਵੀ ਚਾਰਦਾ। ਜਦੋਂ ਮੁੰਡੇ ਜਵਾਨ ਹੋ ਗਏ ਤਾਂ ਇਕੱਲੀਆਂ ਮੱਝਾਂ ਚਾਰਨ 'ਤੇ ਹੋ ਗਿਆ। ਸਵੇਰੇ-ਸਵੇਰੇ ਨੂੰਹਾਂ ਪੋਣੇ ਵਿੱਚ ਮਿੱਸੀਆਂ ਰੋਟੀਆਂ ਲਪੇਟ ਕੇ ਦੇ ਦਿੰਦੀਆਂ। ਉਹਨੂੰ ਰੋਟੀ ਇਕ ਡੰਗ ਮਸਾਂ ਮਿਲਦੀ। ਦੁਪਹਿਰ ਵੇਲੇ ਉਹਦੇ ਮੁੰਡੇ ਜਾਂ ਪੋਤੇ ਕਦੇ-ਕਦੇ ਚਾਹ ਦੇ ਆਉਂਦੇ। ਜਿਸ ਦਿਨ ਚਾਹ ਨਾ ਆਉਂਦੀ ਤਾਂ ਉਹ ਛੋਟੇ ਕੋਲੋਂ ਪੀਂਦਾ। ਉਹ ਸੁਰਜਨ ਸਿਹੁੰ ਦਾ ਪੱਕਾ ਆੜੀ ਸੀ। ਜਵਾਨੀ ਦੇ ਦਿਨਾਂ ਵਿੱਚ ਦੋਵਾਂ ਦੀ ਖੇਤ ਵਿੱਚ ਵਿੜ੍ਹੀ ਵੀ ਰਹੀ ਵਾਹਵਾ ਚਿਰ। ਛੋਟੇ ਨੇ ਜ਼ਮੀਨ ਠੇਕੇ 'ਤੇ ਦੇ ਦਿੱਤੀ, ਕਿਉਂਕਿ ਉਸ ਦੀ ਇਕੋ ਇਕ ਧੀ ਸੀ। ਸੁਰਜਨ ਤੇ ਛੋਟਾ ਪਿੰਡ ਦੇ ਬਾਹਰਵਾਰ ਖੇਤਾਂ ਕੋਲ ਬਣੇ ਰਜਾਦੀਆਣੇ ਦੇ ਟੋਭੇ ਕੋਲ ਬੋਹੜ ਦੀ ਛਾਵੇਂ ਮੱਝਾਂ ਨੂੰ ਤੜਕੇ ਜਾ ਬਿਠਾਉਂਦੇ ਤੇ ਸ਼ਾਮੀਂ ਘਰ ਲੈ ਆਉਂਦੇ। ਉਸ ਟੋਭੇ ਵਾਲੇ ਰਾਹ ਉਤੇ ਗੁੱਡੂ ਦਾ ਘਰ ਸੀ। ਉਹ ਪਿੰਡ ਦੇ ਸਕੂਲ 'ਚ ਦਸਵੀਂ ਕਲਾਸ ਵਿੱਚ ਪੜ੍ਹਦਾ ਸੀ। ਸਕੂਲੋਂ ਮੁੜਦਾ ਗਰਮੀ ਦੇ ਦਿਨਾਂ ਵਿੱਚ ਬੋਹੜ ਦੀ ਛਾਵੇਂ ਸੁਰਜਨ ਸਿਹੁੰ ਕੋਲ ਬੈਠ ਜਾਂਦਾ। ਉਨ੍ਹਾਂ ਨਾਲ ਗੱਲਾਂ ਮਾਰੀ ਜਾਣੀਆਂ। ਛੋਟੇ ਅਤੇ ਸੁਰਜਨ ਦਾ ਜੀਅ ਲਾਈ ਰੱਖਦਾ। ਸੁਰਜਨ ਉਹਨੂੰ ਰੋਜ਼ ਕੋਈ ਨਾ ਕੋਈ ਬਾਤ ਸੁਣਾਉਂਦਾ। ਕਹਿੰਦਾ ਫਲਾਣਿਆਂ ਦਾ ਇਕ ਬੁੜ੍ਹਾ ਸੀ। ਉਹਨੇ ਆਪਣੇ ਜਵਾਕਾਂ ਨੂੰ ਘਰ ਬਾਰ ਬਣਾ ਦਿੱਤਾ, ਪਰ ਉਹਦੇ ਜਵਾਕ ਉਹਨੂੰ ਰੋਟੀ ਨਾ ਦਿੰਦੇ। ਹੋਰ ਵੀ ਕਈ ਬਾਤਾਂ ਸੁਣਾਉਂਦਾ, ਪਰ ਹੁੰਦੀਆਂ ਸਭ ਬਜ਼ੁਰਗ ਬਾਰੇ। ਗੁੱਡੂ ਸੁਰਜਨ ਦੀਆਂ ਬਾਤਾਂ ਵਿੱਚ ਇੰਨਾ ਖੁੱਭ ਜਾਂਦਾ ਕਿ ਉਹ ਕਈ ਵਾਰ ਨੇਰ੍ਹੇ ਘਰ ਵੜਦਾ। ਗੁੱਡੂ ਦੀ ਸੁਰਜਨ ਨਾਲ ਏਨੀ ਗੂੜ੍ਹੀ ਸਾਂਝ ਪਈ ਕਿ ਕਈ ਵਾਰ ਉਹਨੂੰ ਘਰੇ ਮਿਲ ਕੇ ਆਇਆ। ਇਕ ਦਿਨ ਛੋਟੇ ਤੋਂ ਉਹਨੂੰ ਸੁਰਜਨ ਦੀ ਮੌਤ ਦਾ ਪਤਾ ਲੱਗਿਆ।

ਫਿਰ ਇਕ ਦਿਨ ਗੁੱਡੂ ਛੋਟੇ ਕੋਲ ਟੋਭੇ ਨੇੜੇ ਰੁਕਿਆ ਤੇ ਬੈਠ ਗਿਆ, ਜਿਥੇ ਸੁਰਜਨ ਬੈਠਦਾ ਸੀ। ਉਸ ਨੇ ਛੋਟੇ ਨੂੰ ਕਿਹਾ, 'ਬਾਬਾ, ਤੂੰ ਸੁਣਾ ਕੋਈ ਬਾਤ।' ਛੋਟਾ ਕਹਿੰਦਾ, 'ਓ ਭਾਈ, ਮੈਨੂੰ ਨਹੀਂ ਆਉਂਦੀ ਕੋਈ ਬਾਤ। ਮੇਰੀ ਔਲਾਦ ਮੈਨੂੰ ਵਧੀਆ ਰੋਟੀ ਦਿੰਦੀ ਐ। ਪੂਰੀ ਸੇਵਾ ਕਰਦੀ ਐ ਮੇਰੀ। ਉਹ ਸੁਰਜਨ ਸਿਹੁੰ ਹੀ ਸੀ, ਜਿਹਨੇ ਸਾਰੀ ਉਮਰ ਕਮਾਈ ਕੀਤੀ ਤੇ ਬੁਢਾਪੇ ਵੇਲੇ ਰੋਟੀ ਮਸਾਂ ਜੁੜੀ ਵਿਚਾਰੇ ਨੂੰ। ਉਹ ਤੈਨੂੰ ਬਾਤਾਂ ਰਾਹੀਂ ਆਪ ਬੀਤੀਆਂ ਸੁਣਾਉਂਦਾ ਤੇ ਦੁੱਖ ਹੌਲਾ ਕਰਦਾ ਰਿਹਾ।' ਗੁੱਡੂ ਨੇ ਅੱਖਾਂ ਭਰ ਲਈਆਂ ਤੇ ਘਰ ਤੁਰ ਗਿਆ। ਬੇਬੇ ਨੇ ਅੱਜ ਘਰ ਸੰਦੇਹਾਂ ਆਉਣ ਦਾ ਕਾਰਨ ਪੁੱਛਿਆ ਤਾਂ ਗੁੱਡੂ ਨੇ ਸਿਰਫ ਇੰਨਾ ਹੀ ਆਖਿਆ, 'ਮਰ ਗਿਆ ਮੇਰਾ ਬਾਤਾਂ ਵਾਲਾ ਬਾਬਾ।'

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਮੁਫਤ ਪਿਕਅਪ ਅਤੇ ਡਰਾਪ ਆਫ
ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500
ਬਲਵਿੰਦਰ

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana Sales Rep
SOLD $645,000 Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੌਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।
FOR SALE $799,900 Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।
FOR SALE $3,249,000 Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।
FOR SALE $1,129,900 Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਂਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ।

# ਗ੍ਰਿਫਤਾਰ ਕੀਤੇ ਕਸ਼ਮੀਰੀ ਵਿਦਿਆਰਥੀਆਂ ਦੇ ਕੇਸ ਦੀ ਜਾਂਚ ਐੱਨ ਆਈ ਏ ਨੂੰ ਸੌਂਪੀ ਗਈ

ਚੰਡੀਗੜ੍ਹ, 11 ਨਵੰਬਰ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਸੁਰੇਸ਼ ਅਰੋੜਾ ਨੇ ਦੱਸਿਆ ਕਿ ਅੰਸਾਰ ਗਜ਼ਾਵਤ-ਉਲ-ਹਿੰਦ (ਏ ਜੀ ਐੱਚ) ਨਾਲ ਸੰਬੰਧਤ ਤਿੰਨ ਕਸ਼ਮੀਰੀ ਵਿਦਿਆਰਥੀਆਂ ਦੀ ਜਲੰਧਰ ਵਿੱਚੋਂ ਗ੍ਰਿਫਤਾਰੀ ਦਾ ਕੇਸ ਨੈਸ਼ਨਲ ਜਾਂਚ ਏਜੰਸੀ (ਐੱਨ ਆਈ ਏ) ਨੂੰ ਸੌਂਪਣ ਦਾ ਫੈਸਲਾ ਕੀਤਾ ਗਿਆ ਹੈ।

ਇਸ ਸੰਬੰਧ ਵਿੱਚ ਡੀ ਜੀ ਪੀ ਸੁਰੇਸ਼ ਅਰੋੜਾਂ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਕੇਂਦਰੀ ਗ੍ਰਹਿ ਮੰਤਰਾਲੇ ਦੀ ਇਸ ਬਾਰੇ ਹੋਈ ਗੱਲਬਾਤ ਪਿੱਛੋਂ ਇਹ ਫੈਸਲਾ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਕੇਸ ਦੀ ਅੰਤਰਰਾਜੀ ਅਤੇ ਅੰਤਰਰਾਸ਼ਟਰੀ ਮੁਸ਼ਕਲ ਨੂੰ ਧਿਆਨ ਵਿੱਚ ਰੱਖ ਕੇ ਕੇਂਦਰ ਅਤੇ ਪੰਜਾਬ ਸਰਕਾਰ ਨੇ ਇਹ ਕੇਸ ਐੱਨ ਆਈ ਏ ਨੂੰ ਸੌਂਪਣ ਬਾਰੇ ਫੈਸਲਾ ਲਿਆ ਹੈ। ਡੀ ਜੀ ਪੀ ਨੇ ਕਿਹਾ ਕਿ ਇਹ ਜਾਂਚ ਐੱਨ ਆਈ ਏ ਨੂੰ ਸੌਂਪਣ ਦਾ ਮੁੱਖ ਮਕਸਦ ਇਹ ਹੈ ਕਿ ਮਾਮਲੇ 'ਚ ਤੇਜ਼ੀ ਨਾਲ ਜਾਂਚ ਯਕੀਨੀ ਬਣਾਈ ਜਾਵੇ। ਪੰਜਾਬ ਸਰਕਾਰ ਦਾ ਵੀ ਵਿਚਾਰ ਹੈ ਕਿ ਕੌਮੀ ਏਜੰਸੀ ਨੂੰ ਦੇਸ਼ ਤੇ ਵਿਦੇਸ਼ਾਂ ਵਿਚਲੀਆਂ ਦਹਿਸ਼ਤਗਰਦੀ ਕਾਰਵਾਈਆਂ ਦੀ ਜਾਂਚ ਕਰਨ ਦਾ ਹੱਕ ਹਾਸਲ ਹੈ। ਉਨ੍ਹਾਂ ਕਿਹਾ ਕਿ ਜਾਂਚ ਪੂਰੀ ਕਰਨੀ ਯਕੀਨੀ ਬਣਾਉਣ ਲਈ ਅਤੇ ਭਾਰਤ ਤੇ ਵਿਦੇਸ਼ਾਂ ਵਿਚਲੇ ਦਹਿਸ਼ਤਗਰਦੀ ਸੰਗਠਨਾਂ/ਤੱਤਾਂ ਦੇ ਗਠਜੋੜ ਨੂੰ ਤੋੜਨ ਲਈ ਪੰਜਾਬ ਪੁਲਸ ਵੱਲੋਂ ਐਨ ਆਈ ਏ ਨੂੰ ਹਰ ਜ਼ਰੂਰੀ ਮਦਦ ਦਿੱਤੀ ਜਾਵੇਗੀ। ਇਸ ਕੇਸ ਨੂੰ ਐਨ ਆਈ ਏ ਨੂੰ ਸੌਂਪਣ ਦਾ ਫੈਸਲਾ ਕਰਨ ਸਮੇਂ ਦੋਵਾਂ ਸਰਕਾਰਾਂ ਨੇ ਇਸ ਤੱਥ 'ਤੇ ਵੀ ਗੌਰ ਕੀਤਾ ਹੈ ਕਿ ਇਨ੍ਹਾਂ ਗ੍ਰਿਫਤਾਰੀ ਤੋਂ ਬਾਅਦ ਦੋ ਹੋਰ ਕਸ਼ਮੀਰੀ ਵਿਦਿਆਰਥੀਆਂ ਨੂੰ ਪੰਜਾਬ ਪੁਲਸ ਨੇ 14 ਸਤੰਬਰ ਨੂੰ ਮਕਸੂਦਾਂ ਪੁਲਸ ਥਾਣੇ ਵਿਖੇ ਹੋਏ ਹੈਂਡ ਗਰਨੇਡ ਧਮਾਕੇ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਸੀ। ਇਨ੍ਹਾਂ ਦੇ ਦੋ ਸਾਥੀ ਫਰਾਰ ਦੱਸੇ ਜਾਂਦੇ ਹਨ। ਇਹ ਤਿੰਨੇ ਵਿਦਿਆਰਥੀ ਬੀਤੇ ਮਹੀਨੇ ਪੰਜਾਬ ਪੁਲਸ ਅਤੇ ਜੰਮੂ ਕਸ਼ਮੀਰ ਪੁਲਸ ਦੇ ਸਪੈਸ਼ਲ ਆਪਰੇਸ਼ਨਜ਼ ਗਰੁੱਪ ਵੱਲੋਂ ਸਾਂਝੀ ਮੁਹਿੰਮ ਦੌਰਾਨ ਗ੍ਰਿਫਤਾਰ ਕੀਤੇ ਗਏ ਸਨ। ਪੜਤਾਲ ਵਿੱਚ ਇਹ ਪਤਾ ਲੱਗਾ ਕਿ ਜ਼ਾਹਿਦ ਗੁਲਜ਼ਾਰ, ਮੁਹੰਮਦ ਇਦਰਿਸ ਸ਼ਾਹ ਤੇ ਯੂਸੁਫ ਰਫੀਕ ਨਾਂਅ ਦੇ ਇਹ ਵਿਦਿਆਰਥੀ ਅੰਸਾਰ ਗਜ਼ਾਵਤ-ਉਲ ਹਿੰਦ ਨਾਲ ਜੁੜੇ ਹੋਏ ਸਨ, ਜੋ ਕਸ਼ਮੀਰ ਵਿਚਲਾ ਦਹਿਸ਼ਤਗਰਦੀ ਸੰਗਠਨ ਹੈ ਅਤੇ ਜਿਸ ਦੇ ਤਾਰ ਜੈਸ਼-ਏ-ਮੁਹੰਮਦ ਨਾਲ ਜੁੜਦੇ ਹਨ ਅਤੇ ਇਸ ਸੰਗਠਨ ਦਾ ਸਰਗਨਾ ਜ਼ਾਕਿਰ ਰਸ਼ੀਦ ਭੱਟ ਉਰਫ ਜ਼ਾਕਿਰ ਮੂਸਾ ਹੈ।

# ਚੰਡੀਗੜ੍ਹ ਪ੍ਰਸ਼ਾਸਨ ਵਿੱਚ ਪੰਜਾਬ ਦੇ ਹਿੱਸੇ ਨੂੰ ਖੋਰਾ ਲਾਉਣ ਵਿਰੁੱਧ ਕੈਪਟਨ ਵੱਲੋਂ ਮੋਦੀ ਨੂੰ ਚਿੱਠੀ

ਚੰਡੀਗੜ੍ਹ, 9 ਨਵੰਬਰ, (ਪੋਸਟ ਬਿਊਰੋ)- ਕੇਂਦਰ ਸਰਕਾਰ ਦੇ ਕੰਟਰੋਲ ਵਾਲੇ ਸ਼ਹਿਰ ਚੰਡੀਗੜ੍ਹ ਦੀਆਂ ਪ੍ਰਸ਼ਾਸਕੀ ਪੋਸਟਾਂ ਲਈ ਪੰਜਾਬ ਤੇ ਹਰਿਆਣਾ ਵਿਚਾਲੇ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖਣ ਨੂੰ ਯਕੀਨੀ ਬਣਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਪੱਤਰ ਲਿਖਿਆ ਹੈ। ਉਨ੍ਹਾਂ ਪ੍ਰਧਾਨ ਮੰਤਰੀ ਦੇ ਨਿੱਜੀ ਦਖਲ ਦੀ ਮੰਗ ਲਈ ਬੇਨਤੀ ਕੀਤੀ ਹੈ ਕਿ ਉਹ ਕੇਂਦਰ ਦੇ ਗ੍ਰਹਿ ਮੰਤਰਾਲੇ ਨੂੰ ਚੰਡੀਗੜ੍ਹ ਯੂ ਟੀ ਵਿੱਚ ਸਿਵਲ ਪੋਸਟਾਂ ਭਰਨ ਲਈ ਪੰਜਾਬ ਤੇ ਹਰਿਆਣਾ ਵਿਚਾਲੇ 60:40 ਅਨੁਪਾਤ ਬਣਾਈ ਰੱਖਣ ਲਈ ਜਲਦੀ ਕਦਮ ਚੁੱਕਣ ਵਾਸਤੇ ਅਫਸਰਾਂ ਨੂੰ ਸਲਾਹ ਦੇਣ, ਕਿਉਂਕਿ ਇਹ ਸਥਿਤੀ ਲੰਬੇ ਸਮੇਂ ਤੋਂ ਚੱਲਦੀ ਆ ਰਹੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਇਸ ਪੱਤਰ ਰਾਹੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਿਹਾ ਹੈ ਕਿ ਤਸੱਲੀ ਦੀ ਗੱਲ ਸੀ ਕਿ ਇਸ ਸਾਲ ਪਹਿਲੀ ਅਕਤੂਬਰ ਨੂੰ ਲਿਖੇ ਉਨ੍ਹਾਂ ਦੇ ਪੱਤਰ ਦੇ ਜਵਾਬ ਵਿਚ ਭਾਰਤ ਸਰਕਾਰ ਨੇ ਚੰਡੀਗੜ੍ਹ ਪੁਲੀਸ ਵਿੱਚ ਡੀ ਐਸ ਪੀਜ਼ ਦੀਆਂ ਪੋਸਟਾਂ ਦਾ ਦਿੱਲੀ, ਅੰਡੇਮਾਨ, ਨਿਕੋਬਾਰ ਆਈਲੈਂਡਜ਼ ਪੁਲੀਸ ਸਰਵਿਸ (ਡੀ ਏ ਐਨ ਆਈ ਪੀ ਐਸ) ਵਿੱਚ ਰਲੇਵਾਂ ਕਰਨ ਬਾਰੇ 25 ਸਤੰਬਰ 2018 ਦੇ ਨੋਟੀਫਿਕੇਸ਼ਨ ਉੱਤੇ ਆਰਜ਼ੀ ਰੋਕ ਦੀ ਸਹਿਮਤੀ ਦੇ ਦਿੱਤੀ ਸੀ। ਮੁੱਖ ਮੰਤਰੀ ਨੇ ਕਿਹਾ ਕਿ ਇਸ ਸਮੇਂ ਚੰਡੀਗੜ੍ਹ ਪ੍ਰਸ਼ਾਸਨ ਵਿੱਚ 14 ਆਈ ਏ ਐਸ ਅਫਸਰ ਹਨ ਅਤੇ ਇਨ੍ਹਾਂ ਵਿੱਚੋਂ ਸਿਰਫ ਤਿੰਨ ਪੰਜਾਬ ਤੇ ਦੋ ਹਰਿਆਣਾ ਵਿੱਚੋਂ ਹਨ, ਬਾਕੀ ਅਧਿਕਾਰੀ ਯੂ ਟੀ ਕਾਡਰ ਦੇ ਹਨ। ਇਸੇ ਤਰ੍ਹਾਂ ਚੰਡੀਗੜ੍ਹ ਵਿੱਚ 7 ਆਈ ਪੀ ਐਸ ਅਫਸਰਾਂ ਵਿੱਚੋਂ ਸਿਰਫ 1-1 ਜਣਾ ਪੰਜਾਬ ਤੇ ਹਰਿਆਣਾ ਨਾਲ ਵਿੱਚੋਂ ਤੇ ਬਾਕੀ 5 ਅਫਸਰ ਯੂ ਟੀ ਕਾਡਰ ਦੇ ਹਨ। ਚੰਡੀਗੜ੍ਹ ਪ੍ਰਸ਼ਾਸਨ ਵਿੱਚ ਅਫਸਰਾਂ ਨੂੰ ਲਾਉਣ ਲਈ 60:40 ਦੇ ਅਨੁਪਾਤ ਨੂੰ ਕਾਇਮ ਨਹੀਂ ਰੱਖਿਆ ਜਾ ਰਿਹਾ ਤੇ ਇਹੋ ਹਾਲ ਹੋਰ ਮੁਲਾਜ਼ਮਾਂ ਬਾਰੇ ਹੈ, ਜਿਨ੍ਹਾਂ ਵਿੱਚ ਅਧਿਆਪਕ, ਡਾਕਟਰ ਅਤੇ ਹੋਰ ਅਧਿਕਾਰੀ ਸ਼ਾਮਲ ਹਨ।



ਇਸ ਦੌਰਾਨ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਵੱਲ ਲਿਖੀ ਇਕ ਚਿੱਠੀ ਨਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਡੇਰਾ ਬਾਬਾ ਨਾਨਕ ਤੋਂ ਕਰਤਾਰਪੁਰ ਸਹਿਬ ਤੱਕ ਲਾਂਘਾ ਖੋਲ੍ਹਣ ਦਾ ਮੁੱਦਾ ਪਾਕਿਸਤਾਨ ਸਰਕਾਰ ਕੋਲ ਉਠਾਉਣ ਦੀ ਅਪੀਲ ਕੀਤੀ ਹੈ। ਮੁੱਖ ਮੰਤਰੀ ਨੇ ਇਸ ਪੱਤਰ ਵਿੱਚ ਕਿਹਾ ਕਿ ਕਰਤਾਰਪੁਰ ਸਾਹਿਬ ਸਿੱਖਾਂ ਦਾ ਧਾਰਮਿਕ ਸਥਾਨ ਹੈ, ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦਾ ਵੱਡਾ ਹਿੱਸਾ ਏਥੇ ਗੁਜ਼ਾਰਿਆ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਅੰਤਰਰਾਸ਼ਟਰੀ ਸਰਹੱਦ ਤੋਂ ਕਰਤਾਰਪੁਰ ਸਾਹਿਬ ਤੱਕ ਲਾਂਘਾ ਖੋਲ੍ਹਣ ਦਾ ਮੁੱਦਾ ਪਾਕਿਸਤਾਨ ਸਰਕਾਰ ਕੋਲ ਉਠਾਉਣ ਲਈ ਵਾਰ-ਵਾਰ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਹੋਈ ਹੈ।

ਅੱਜ ਹੀ ਇੱਕ ਹੋਰ ਚਿੱਠੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਝੋਨੇ ਦੇ ਘੱਟੋ-ਘੱਟ ਸਮਰਥਨ ਮੁੱਲ ਉੱਤੇ ਇੱਕ ਫੀਸਦੀ ਦੀ ਬਜਾਏ 2 ਫੀਸਦੀ ਨਾਲ ਸੁਕਾਈ ਦੇਣ ਦੀ ਮੰਗ ਬਾਰੇ ਕੇਂਦਰੀ ਖੁਰਾਕ ਮੰਤਰੀ ਰਾਮ ਵਿਲਾਸ ਪਾਸਵਾਨ ਨੂੰ ਲਿਖੀ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਝੋਨੇ ਦੀ ਵਾਢੀ ਤੋਂ ਪਹਿਲਾਂ ਪੈਂਦੇ ਰਹੇ ਬੇ-ਮੌਸਮੀ ਮੀਂਹ ਅਤੇ ਗੜੇਮਾਰੀ ਨਾਲ ਕਿਸਾਨਾਂ ਨੂੰ ਫਸਲ ਦੀ ਖਰੀਦ ਵਿੱਚ ਇਹ ਢਿੱਲ ਦੇਣੀ ਮੁੱਢਲੇ ਰੂਪ ਵਿੱਚ ਬਹੁਤ ਜ਼ਰੂਰੀ ਹੈ।

# ਝਗੜੇ ਦੌਰਾਨ ਚੱਲੀ ਗੋਲੀ ਨਾਲ ਨੌਜਵਾਨ ਦੀ ਮੌਤ

ਮਾਨਸਾ, 11 ਨਵੰਬਰ (ਪੋਸਟ ਬਿਊਰੋ)- ਇਥੋਂ ਨੇੜਲੇ ਪਿੰਡ ਭੈਣੀਬਾਘਾ ਵਿੱਚ ਸ਼ੁੱਕਰਵਾਰ ਰਾਤ ਦੋ ਧਿਰਾਂ ਦੇ ਝਗੜ 'ਚ ਗੋਲੀ ਚੱਲਣ ਨਾਲ ਇੱਕ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਸੁਖਪ੍ਰੀਤ ਸਿੰਘ (19) ਵਜੋਂ ਹੋਈ ਹੈ। ਝਗੜੇ ਵਿੱਚ ਦੂਜੀ ਧਿਰ ਨਾਲ ਸੰਬੰਧਤ ਨੌਜਵਾਨ ਗੁਰਜੀਤ ਸਿੰਘ ਗੰਭੀਰ ਜ਼ਖਮੀ ਹੋ ਗਿਆ। ਪੁਲਸ ਨੇ ਇਸ ਬਾਰੇ ਚਾਰ ਜਣਿਆਂ ਖਿਲਾਫ ਕਤਲ ਕੇਸ ਦਰਜ ਕੀਤਾ ਹੈ, ਪਰ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋ ਸਕੀ।



ਮਿਲੀ ਜਾਣਕਾਰੀ ਮੁਤਾਬਕ ਦੋਵਾਂ ਨੌਜਵਾਨਾਂ ਦੀ ਦਿਨ ਵੇਲੇ ਕਿਸੇ ਗੱਲ ਤੋਂ ਬਹਿਸ ਹੋ ਗਈ ਸੀ। ਇਸ ਦਾ ਉਲਾਂਭਾ ਦੇਣ ਲਈ ਜਦ ਸੁਖਪ੍ਰੀਤ ਸਿੰਘ ਦੇ ਪਰਵਾਰਕ ਮੈਂਬਰ ਅਤੇ ਹੋਰ ਵਿਅਕਤੀ ਗੁਰਜੀਤ ਸਿੰਘ ਦੇ ਘਰ ਗਏ ਤਾਂ ਉਥੇ ਗੱਲ ਹੱਥੋਪਾਈ ਤੱਕ ਚਲੀ ਗਈ। ਪੁਲਸ ਮੁਤਾਬਕ ਪਹਿਲਾਂ ਕੁਝ ਵਿਅਕਤੀਆਂ ਨੇ ਡਾਂਗਾਂ ਤੇ ਹੋਰ ਤਿੱਖੇ ਹਥਿਆਰ ਕੱਢੇ ਤੇ ਫਿਰ ਗੋਲੀ ਚਲਾ ਦਿੱਤੀ ਗਈ। ਦੋਵਾਂ ਨੌਜਵਾਨਾਂ ਨੂੰ ਜ਼ਖਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਡਾਕਟਰ ਨੇ ਸੁਖਪ੍ਰੀਤ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ, ਜਦ ਕਿ ਗੁਰਜੀਤ ਸਿੰਘ ਨੂੰ ਪਟਿਆਲਾ ਲਈ ਰੈਫਰ ਕਰ ਦਿੱਤਾ। ਥਾਣਾ ਸਦਰ ਦੇ ਮੁਖੀ ਯਾਦਵਿੰਦਰ ਸਿੰਘ ਨੇ ਦੱਸਿਆ ਕਿ ਇਸ ਬਾਰੇ ਗੁਰਮੇਲ ਸਿੰਘ, ਜਰਨੈਲ ਸਿੰਘ, ਗੁਰਦੀਪ ਸਿੰਘ ਤੇ ਜਸਪਾਲ ਕੌਰ ਵਾਸੀ ਭੈਣੀਬਾਘਾ ਦੇ ਖਿਲਾਫ ਕਤਲ ਦੀਆਂ ਧਾਰਾਵਾਂ ਲਾਈਆਂ ਗਈਆਂ ਹਨ। ਪੁਲਸ ਦਾ ਕਹਿਣਾ ਹੈ ਕਿ ਜ਼ਖਮੀ ਹੋਏ ਨੌਜਵਾਨ ਗੁਰਜੀਤ ਸਿੰਘ ਦੇ ਪੱਖ ਬਾਰੇ ਵੀ ਜਾਂਚ ਕੀਤੀ ਜਾਵੇਗੀ।

# ਸ਼ੇਰ ਸਿੰਘ ਘੁਬਾਇਆ ਨੇ ਸੁਖਬੀਰ ਬਾਦਲ ਤੋਂ ਟਿਕਟ ਲੈਣੋਂ ਨਾਂਹ ਕੀਤੀ

ਲੁਧਿਆਣਾ, 11 ਨਵੰਬਰ (ਪੋਸਟ ਬਿਊਰੋ)- ਪੰਜਾਬ ਵਿੱਚ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਦੇ ਮੁਕਾਬਲੇ ਅਕਾਲੀ ਦਲ ਵਿੱਚ ਸੁਖਬੀਰ ਸਿੰਘ ਬਾਦਲ ਦੇ ਖਿਲਾਫ ਬਗਾਵਤ ਜ਼ਿਆਦਾ ਤੇਜ਼ੀ ਨਾਲ ਹੋ ਰਹੀ ਹੈ। ਇਸ ਹੇਠ ਮੌਜੂਦਾ ਵਿਧਾਇਕਾਂ 'ਚ ਖਡੂਰ ਸਾਹਿਬ ਤੋਂ ਪਾਰਲੀਮੈਂਟ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ ਤੋਂ ਬਾਅਦ ਫਿਰੋਜ਼ਪੁਰ ਵਾਲੇ ਸ਼ੇਰ ਸਿੰਘ ਘੁਬਾਇਆ ਦਾ ਨਾਂ ਵੀ ਜੁੜ ਗਿਆ ਹੈ, ਜਿਨ੍ਹਾਂ ਨੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਤੋਂ ਲੋਕ ਸਭਾ ਚੋਣ ਲੜਨ ਤੋਂ ਸਿੱਧੇ ਲਫਜ਼ਾਂ ਵਿੱਚ ਇਨਕਾਰ ਕਰ ਦਿੱਤਾ ਹੈ।



ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਸੰਗਰੂਰ ਤੋਂ ਪਾਰਲੀਮੈਂਟ ਮੈਂਬਰ (ਰਾਜ ਸਭਾ) ਸੁਖਦੇਵ ਸਿੰਘ ਢੀਂਡਸਾ ਨੇ ਬਜ਼ੁਰਗ ਹੋਣ ਦਾ ਹਵਾਲਾ ਦਿੰਦੇ ਹੋਏ ਅਗਲੀਆਂ ਲੋਕ ਸਭਾ ਚੋਣਾਂ ਲੜਨ ਤੋਂ ਇਨਕਾਰ ਕਰ ਦਿੱਤਾ ਹੈ, ਜਿਸ ਤੋਂ ਸਾਫ ਹੋ ਗਿਆ ਹੈ ਕਿ ਅਕਾਲੀ ਦਲ ਨੂੰ ਲੋਕ ਸਭਾ ਚੋਣਾਂ ਵਿੱਚ ਤਿੰਨ ਸੀਟਾਂ ਲਈ ਨਵੇਂ ਉਮੀਦਵਾਰ ਲੱਭਣੇ ਹੋਣਗੇ। ਬਾਕੀ ਸੀਟਾਂ ਵਿੱਚੋਂ ਬਠਿੰਡਾ 'ਚ ਹਰਸਿਮਰਤ ਕੌਰ ਬਾਦਲ ਅਤੇ ਆਨੰਦਪੁਰ ਸਾਹਿਬ 'ਚ ਮੌਜੂਦਾ ਐਮ ਪੀ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਮੁੜ ਉਮੀਦਵਾਰ ਬਣਾਇਆ ਜਾਣਾ ਹੈ। ਜਲੰਧਰ ਤੋਂ ਪਿਛਲੀ ਚੋਣ ਲੜਨ ਵਾਲੇ ਪਵਨ ਟੀਨੂ ਵਿਧਾਇਕ ਬਣ ਚੁੱਕੇ ਹਨ ਅਤੇ ਉਨ੍ਹਾਂ ਦੀ ਜਗ੍ਹਾ ਨਰੇਸ਼ ਗੁਜਰਾਲ ਦੇ ਨਾਂਅ ਦੀ ਚਰਚਾ ਸੁਣਨ ਨੂੰ ਮਿਲ ਰਹੀ ਹੈ। ਪਟਿਆਲਾ ਸੀਟ ਤੋਂ ਪਿਛਲੀ ਵਾਰ ਚੋਣ ਲੜ ਚੁੱਕੇ ਦੀਪਇੰਦਰ ਸਿੰਘ ਢਿੱਲੋਂ ਦੀ ਕਾਂਗਰਸ 'ਚ ਵਾਪਸੀ ਹੋ ਚੁੱਕੀ ਹੈ ਅਤੇ ਉਥੋਂ ਪ੍ਰਨੀਤ ਕੌਰ ਦੇ ਮੁਕਾਬਲੇ ਲਈ ਅਕਾਲੀ ਦਲ ਨੂੰ ਮਜ਼ਬੂਤ ਉਮੀਦਵਾਰ ਦੀ ਭਾਲ ਹੈ। ਫਤਿਹਗੜ੍ਹ ਸਾਹਿਬ ਸੀਟ ਤੋਂ ਪਿਛਲੀ ਵਾਰ ਅਕਾਲੀ ਦਲ ਦੀ ਟਿਕਟ ਉੱਤੇ ਚੋਣ ਲੜਨ ਵਾਲੇ ਕੁਲਵੰਤ ਸਿੰਘ ਅੱਜ ਕੱਲ੍ਹ ਮੋਹਾਲੀ ਦੇ ਮੇਅਰ ਹਨ ਅਤੇ ਇਸ ਸੀਟ ਲਈ ਅਕਾਲੀ ਦਲ ਨੂੰ ਨਵਾਂ ਚਿਹਰਾ ਚਾਹੀਦਾ ਹੈ। ਫਰੀਦਕੋਟ ਤੋਂ ਦੋ ਵਾਰ ਅਕਾਲੀ ਦਲ ਦੀ ਪਾਰਲੀਮੈਂਟ ਮੈਂਬਰ ਰਹਿ ਚੁੱਕੀ ਪਰਮਜੀਤ ਕੌਰ ਗੁਲਸ਼ਨ ਪਿਛਲੀ ਵਾਰ ਦੀ ਚੋਣ ਹਾਰ ਗਈ ਸੀ। ਉਨ੍ਹਾਂ ਨੂੰ ਇਸ ਵਾਰ ਟਿਕਟ ਮਿਲਣੀ ਮੁਸ਼ਕਲ ਲੱਗਦੀ ਹੈ ਅਤੇ ਅਕਾਲੀ ਦਲ ਉਸ ਇਲਾਕੇ ਵਿੱਚ ਕਿਸੇ ਮਜ਼ਬੂਤ ਦਲਿਤ ਚਿਹਰੇ ਦੀ ਭਾਲ ਕਰ ਰਿਹਾ ਹੈ।

ਬਹਿਬਲ ਕਲਾਂ ਕਾਂਡ:

# ਸਾਬਕਾ ਵਿਧਾਇਕ ਮਨਤਾਰ ਬਰਾੜ ਵਿਸ਼ੇਸ਼ ਜਾਂਚ ਟੀਮ ਅੱਗੇ ਪੇਸ਼

ਫਰੀਦਕੋਟ, 11 ਨਵੰਬਰ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਪਿੱਛੋਂ ਵਾਪਰੇ ਬਹਿਬਲ ਕਲਾਂ ਕਾਂਡ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਏਥੇ ਆਪਣੇ ਕੈਂਪ ਦਫਤਰ 'ਚ ਪੰਜਾਬ ਦੇ ਸਾਬਕਾ ਪਾਰਲੀਮੈਂਟਰੀ ਸਕੱਤਰ ਮਨਤਾਰ ਸਿੰਘ ਬਰਾੜ, ਉਸ ਵਕਤ ਦੇ ਐਸ ਡੀ ਐਮ ਹਰਜੀਤ ਸਿੰਘ ਅਤੇ ਉਸ ਵਕਤ ਦੇ ਡੀ ਐਸ ਪੀ ਬਲਜੀਤ ਸਿੰਘ ਸਿੱਧੂ ਦੇ ਬਿਆਨ ਦਰਜ ਕੀਤੇ ਅਤੇ ਅਗਲੀ ਕਾਰਵਾਈ ਆਰੰਭ ਕੀਤੀ ਹੈ।



ਵਰਨਣ ਯੋਗ ਹੈ ਕਿ ਬਹਿਬਲ ਕਾਂਡ 14 ਅਕਤੂਬਰ 2015 ਨੂੰ ਵਾਪਰਿਆ ਸੀ। ਉਸ ਵੇਲੇ ਮਨਤਾਰ ਸਿੰਘ ਬਰਾੜ ਕੋਟਕਪੂਰਾ ਦੇ ਵਿਧਾਇਕ ਹੁੰਦੇ ਸਨ ਅਤੇ ਬਹਿਬਲ ਕਾਂਡ ਤੋਂ ਪਹਿਲੀ ਦੇਰ ਰਾਤ ਮਨਤਾਰ ਸਿੰਘ ਬਰਾੜ ਦੀ ਪੰਜਾਬ ਦੇ ਓਦੋਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਜ਼ਿਲਾ ਪ੍ਰਸ਼ਾਸਨ ਅਤੇ ਡੀ ਜੀ ਪੀ ਨਾਲ ਮੋਬਾਈਲ ਫੋਨ ਉਤੇ ਲੰਬੀ ਗੱਲਬਾਤ ਹੁੰਦੀ ਰਹੀ ਦੱਸੀ ਜਾਂਦੀ ਹੈ। ਜਾਂਚ ਟੀਮ ਸਾਹਮਣੇ ਪੇਸ਼ ਹੋਏ ਸਾਬਕਾ ਅਕਾਲੀ ਵਿਧਾਇਕ ਮਨਤਾਰ ਸਿੰਘ ਬਰਾੜ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਜਾਂ ਕਿਸੇ ਵੀ ਅਕਾਲੀ ਆਗੂ ਨੇ ਸਿੱਖ ਸੰਗਤ ਉਤੇ ਗੋਲੀ ਚਲਾਉਣ ਦੇ ਆਦੇਸ਼ ਨਹੀਂ ਦਿੱਤੇ ਤੇ ਨਾ ਧਰਨੇ ਤੋਂ ਸੰਗਤ ਨੂੰ ਉਠਾਉਣ ਲਈ ਪੁਲਸ ਦੀ ਵਰਤੋਂ ਲਈ ਕਿਹਾ ਸੀ। ਮਨਤਾਰ ਸਿੰਘ ਬਰਾੜ ਨੇ ਪਹਿਲੀ ਨਵੰਬਰ ਨੂੰ ਜਾਂਚ ਟੀਮ ਸਾਹਮਣੇ ਪੇਸ਼ ਹੋਣਾ ਸੀ, ਪਰ ਪੰਜਾਬ ਤੋਂ ਬਾਹਰ ਹੋਣ ਕਾਰਨ ਪੇਸ਼ ਨਹੀਂ ਸਨ ਹੋ ਸਕੇ।

ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਮਿਲਣ ਤੋਂ ਬਾਅਦ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਨੇ ਇਸ ਦੀ ਪੜਤਾਲ ਦੌਰਾਨ ਸਾਰੀਆਂ ਧਿਰਾਂ ਅਤੇ ਚਸ਼ਮਦੀਦਾਂ ਦੇ ਬਿਆਨ ਲਿਖਣ ਦੀ ਕਾਰਵਾਈ ਨੂੰ ਕਾਫੀ ਹੱਦ ਤੱਕ ਪੂਰਾ ਕਰ ਲਿਆ ਹੈ। ਬਹਿਬਲ ਕਲਾਂ ਅਤੇ ਬੇਅਦਬੀ ਕਾਂਡ ਬਾਰੇ ਅਕਾਲੀ ਦਲ ਪਹਿਲੇ ਦਿਨਾਂ ਤੋਂ ਵਿਵਾਦਾਂ ਵਿੱਚ ਘਿਰਿਆ ਹੋਇਆ ਹੈ। ਵਿਸ਼ੇਸ਼ ਜਾਂਚ ਟੀਮ ਲਈ ਮਨਤਾਰ ਸਿੰਘ ਬਰਾੜ ਦਾ ਬਿਆਨ ਸਭ ਤੋਂ ਵੱਧ ਅਹਿਮ ਹੈ, ਕਿਉਂਕਿ ਸਮੁੱਚੇ ਵਿਵਾਦ ਵੇਲੇ ਹਲਕਾ ਵਿਧਾਇਕ ਮਨਤਾਰ ਸਿੰਘ ਬਰਾੜ ਪ੍ਰਸ਼ਾਸਨ ਅਤੇ ਸਰਕਾਰ ਵਿਚਾਲੇ ਮਜ਼ਬੂਤ ਕੜੀ ਵਜੋਂ ਕੰਮ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਪ੍ਰਸ਼ਾਸਨ ਦੀ ਹਰ ਹਰਕਤ ਅਤੇ ਸਰਕਾਰ ਦੀ ਹਰ ਹਦਾਇਤ ਬਾਰੇ ਸੂਚਨਾ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ। ਮਨਤਾਰ ਸਿੰਘ ਬਰਾੜ ਨੇ ਕਿਹਾ ਕਿ ਉਨ੍ਹਾਂ ਜਾਂਚ ਟੀਮ ਸਾਹਮਣੇ ਪੇਸ਼ ਹੋ ਕੇ ਸੱਚਾਈ ਬਿਆਨ ਕੀਤੀ ਹੈ।

# ਐਨ ਆਰ ਆਈ ਨਾਲ ਠੱਗੀ ਦੇ ਦੋਸ਼ ਹੇਠ ਪ੍ਰਾਪਰਟੀ ਡੀਲਰ ਕਾਬੂ

ਮੋਗਾ, 11 ਨਵੰਬਰ (ਪੋਸਟ ਬਿਊਰੋ)- ਇਸ ਜ਼ਿਲੇ ਦੀ ਥਾਣਾ ਐੱਨ ਆਰ ਆਈ ਦੀ ਟੀਮ ਨੇ ਇੱਕ ਪਰਵਾਸੀ ਪੰਜਾਬੀ ਦੇ ਨਾਲ 3.25 ਕਰੋੜ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਹੇਠ ਇੱਕ ਪ੍ਰਾਪਰਟੀ ਡੀਲਰ ਨੂੰ ਦਿੱਲੀ ਕੌਮਾਂਤਰੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਹੈ। ਕੇਸ ਦੀ ਜਾਂਚ ਕਰ ਰਹੇ ਸਬ-ਇੰਸਪੈਕਟਰ ਤੇਜਿੰਦਰ ਸਿੰਘ ਨੇ ਦੱਸਿਆ ਕਿ ਪ੍ਰਾਪਰਟੀ ਡੀਲਰ ਕੁਲਦੀਪ ਸਿੰਘ ਵਾਸੀ ਸ਼ਹੀਦ ਭਗਤ ਸਿੰਘ ਨਗਰ (ਹਾਲ ਆਬਾਦ ਪਿੰਡ ਰੌਲੀ) ਦੇ ਖ਼ਿਲਾਫ਼ ਇਸ ਸਾਲ ਦੀ 16 ਮਈ ਨੂੰ ਪਰਵਾਸੀ ਪੰਜਾਬੀ ਗੁਰਚਰਨ ਸਿੰਘ ਦੀ ਸ਼ਿਕਾਇਤ ਉੱਤੇ 3.25 ਕਰੋੜ ਦੀ ਠੱਗੀ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਸੀ। ਇਸ ਦੇ ਬਾਅਦ ਦੋਸ਼ੀ ਕੈਨੇਡਾ ਚਲਾ ਗਿਆ ਸੀ ਅਤੇ ਉਸ ਦੀ ਗ੍ਰਿਫ਼ਤਾਰੀ ਲਈ ਲੁੱਕ-ਆਊਟ ਨੋਟਿਸ (ਐਲ ਓ ਸੀ) ਜਾਰੀ ਹੋ ਚੁੱਕਾ ਸੀ। ਕੱਲ੍ਹ ਉਸ ਨੂੰ ਕੈਨੇਡਾ ਤੋਂ ਪਰਤਦੇ ਸਮੇਂ ਦਿੱਲੀ ਕੌਮਾਂਤਰੀ ਹਵਾਈ ਅੱਡੇ ਉੱਤੇ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਅੱਜ ਐਤਵਾਰ ਨੂੰ ਸਥਾਨਕ ਡਿਊਟੀ ਜੁਡੀਸ਼ਲ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਦੋਸ਼ੀ ਨੂੰ 14 ਦਿਨ ਦੀ ਨਿਆਂਇਕ ਹਿਰਾਸਤ 'ਚ ਜੇਲ੍ਹ ਭੇਜ ਦਿੱਤਾ ਹੈ।

ਪਰਵਾਸੀ ਪੰਜਾਬੀ ਗੁਰਚਰਨ ਸਿੰਘ ਨੇ ਇਸ ਸ਼ਿਕਾਇਤ ਵਿਚ ਦੱਸਿਆ ਕਿ ਉਹ ਅਮਰੀਕਾ ਰਹਿੰਦਾ ਹੈ। ਉਸ ਦੀ ਮਾਂ ਹਰ ਕੌਰ ਨੇ ਮੋਗਾ ਵਿੱਚ ਤਿੰਨ ਦੁਕਾਨਾਂ ਅਤੇ ਰਿਹਾਇਸ਼ੀ ਮਕਾਨ 1988 ਵਿੱਚ ਉਸ ਦੇ ਨਾਮ ਕਰਵਾ ਦਿੱਤਾ ਸੀ, ਪਰ ਉਹ ਅਮਰੀਕਾ ਰਹਿੰਦਾ ਹੋਣ ਕਾਰਨ ਇੰਤਕਾਲ ਨਹੀਂ ਸੀ ਕਰਵਾ ਸਕਿਆ। ਫਿਰ ਸਾਲ 2013 ਵਿਚ ਉਹ ਜਦੋਂ ਭਾਰਤ ਆਇਆ ਤਾਂ ਇਸ ਦੌਰਾਨ ਕੁਲਦੀਪ ਸਿੰਘ ਨੇ ਭਰੋਸਾ ਦਿੱਤਾ ਕਿ ਉਹ ਜ਼ਮੀਨ ਦਾ ਇੰਤਕਾਲ ਕਰਵਾ ਦੇਵੇਗਾ ਤੇ ਕਿਰਾਏਦਾਰ ਤੋਂ ਵੀ ਦੁਕਾਨ ਖਾਲੀ ਕਰਾ ਦੇਵੇਗਾ। ਫਿਰ ਕੁਲਦੀਪ ਸਿੰਘ ਨੇ ਇਨ੍ਹਾਂ ਦੁਕਾਨਾਂ ਅਤੇ ਮਕਾਨ ਦਾ 3.60 ਕਰੋੜ ਦਾ ਸੌਦਾ ਕਰ ਲਿਆ ਤੇ ਜਾਅਲੀ ਨਾਮ ਮਨਜੀਤ ਸਿੰਘ ਨਾਂ ਉੱਤੇ ਇਕਰਾਰਨਾਮਾ ਕਰ ਲਿਆ। ਕੁਲਦੀਪ ਸਿੰਘ ਨੇ ਉਸ ਤੋਂ ਧੋਖੇ ਨਾਲ 30 ਮਈ 2014 ਨੂੰ ਰਜਿਸਟਰੀ ਕਰਵਾ ਲਈ ਤੇ ਰਕਮ ਦੇਣ ਤੋਂ ਮੁੱਕਰ ਗਿਆ।

# ਕਾਂਗਰਸੀ ਆਗੂ ਵੱਲੋਂ ਚਲਾਈ ਗੋਲੀ ਨਾਲ ਇੱਕ ਚੋਰ ਦੀ ਮੌਤ

ਪਟਿਆਲਾ, 11 ਨਵੰਬਰ (ਪੋਸਟ ਬਿਊਰੋ)- ਇਥੇ ਸਰਹਿੰਦ ਰੋਡ 'ਤੇ ਘੁੰਮਣ ਨਗਰ ਵਿੱਚ ਰਹਿੰਦੇ ਕਾਂਗਰਸੀ ਆਗੂ ਅਤੇ ਪਿੰਡ ਭਟੇੜੀ ਦੇ ਸਾਬਕਾ ਸਰਪੰਚ ਲਾਭ ਸਿੰਘ ਭਟੇੜੀ ਨੇ ਕੱਲ੍ਹ ਤੜਕੇ ਆਪਣੇ ਘਰ ਚੋਰ ਵੜਨ ਉੱਤੇ ਬਚਾਅ ਖਾਤਰ ਗੋਲੀ ਚਲਾ ਦਿੱਤੀ, ਜਿਸ ਨਾਲ ਇੱਕ ਜਣਾ ਮਾਰਿਆ ਗਿਆ ਤੇ ਦੋ ਜਣੇ ਬਚ ਕੇ ਨਿਕਲ ਗਏ। ਕਾਂਗਰਸ ਆਗੂ ਭਟੇੜੀ ਨੇ ਦੱਸਿਆ ਕਿ ਕੱਲ੍ਹ ਸਵੇਰੇ ਕਰੀਬ ਪੌਣੇ ਚਾਰ ਵਜੇ ਤਿੰਨ ਜਣੇ ਕੰਧ ਟੱਪ ਕੇ ਉਨ੍ਹਾਂ ਦੇ ਘਰ ਦਾਖਲ ਹੋਏ। ਉਨ੍ਹਾਂ ਨੇ ਮੂੰਹ 'ਤੇ ਕੱਪੜਾ ਬੰਨ੍ਹਿਆ ਹੋਇਆ ਸੀ। ਉਨ੍ਹਾਂ ਦਾ ਆਉਣ ਦੀ ਜਾਣਕਾਰੀ ਸੀ ਸੀ ਟੀ ਵੀ ਕੈਮਰਿਆਂ ਤੋਂ ਮਿਲੀ ਹੈ। ਉਨ੍ਹਾਂ ਕਿਹਾ ਕਿ ਇਸ ਦੌਰਾਨ ਜਦ ਇੱਕ ਜਣਾ ਤਾਕੀ ਨੂੰ ਭੰਨ ਰਿਹਾ ਸੀ ਤਾਂ ਲਾਭ ਸਿੰਘ ਦੀ ਪਤਨੀ ਦੀ ਅੱਖ ਖੁੱਲ੍ਹ ਗਈ। ਇਸ ਪਿੱਛੋਂ ਲਾਭ ਸਿੰਘ ਆਪਣੀ ਬਾਰਾਂ ਬੋਰ ਦੀ ਲਾਇਸੈਂਸੀ ਰਾਈਫਲ ਲੈ ਕੇ ਚੁਬਾਰੇ 'ਤੇ ਚੜ੍ਹ ਗਿਆ। ਲਾਭ ਸਿੰਘ ਨੇ ਕਿਹਾ ਕਿ ਉਨ੍ਹਾਂ ਚੋਰਾਂ ਨੂੰ ਚਿਤਾਵਨੀ ਵੀ ਦਿੱਤੀ, ਪਰ ਉਨ੍ਹਾਂ ਵਿੱਚੋਂ ਇੱਕ ਨੇ ਉਲਟਾ ਉਨ੍ਹਾਂ ਨੂੰ ਹੀ ਧਮਕੀ ਦਿੱਤੀ। ਇਸ ਤੋਂ ਬਾਅਦ ਉਨ੍ਹਾਂ ਨੇ ਗੋਲੀ ਚਲਾ ਦਿੱਤੀ। ਇਸ ਘਟਨਾ ਦੀ ਸੂਚਨਾ ਮਿਲਣ 'ਤੇ ਥਾਣਾ ਅਨਾਜ ਮੰਡੀ ਦੇ ਐੱਸ ਐੱਚ ਓ ਹੈਰੀ ਬੋਪਾਰਾਏ ਟੀਮ ਸਮੇਤ ਪੁੱਜੇ ਅਤੇ ਹੋਰ ਪੁਲਸ ਅਧਿਕਾਰੀਆਂ ਵੀ ਘਟਨਾ ਸਥਾਨ ਦਾ ਦੌਰਾ ਕੀਤਾ। ਮ੍ਰਿਤਕ ਦੀ ਹਾਲੇ ਪਛਾਣ ਨਹੀਂ ਹੋ ਸਕੀ ਤੇ ਲਾਸ਼ ਸਰਕਾਰੀ ਰਾਜਿੰਦਰਾ ਹਸਪਤਾਲ ਰੱਖੀ ਗਈ ਹੈ। ਕੇਸ ਦੀ ਜਾਂਚ ਕਰ ਰਹੇ ਏ ਐੱਸ ਆਈ ਦਵਿੰਦਰ ਸਿੰਘ ਨੇ ਕਿਹਾ ਕਿ ਅਣਪਛਾਤੇ ਚੋਰਾਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਡੀ ਐੱਸ ਪੀ ਸੁਖਮਿੰਦਰ ਚੌਹਾਨ ਨੇ ਦੱਸਿਆ ਕਿ ਮ੍ਰਿਤਕ 25 ਕੁ ਸਾਲ ਦਾ ਤੇ ਸਿਰੋਂ ਮੋਨਾ ਹੈ ਅਤੇ ਕੱਦ ਕਰੀਬ ਪੰਜ ਫੁੱਟ ਸੱਤ ਇੰਚ ਹੈ। ਉਸ ਦੀ ਬਾਂਹ ਉਤੇ 'ਅਨਿਲ ਕਾਕੇਸ ਅਤੇ ਅੰਜਲੀ' ਉਕਰਿਆ ਹੋਇਆ ਹੈ।












# ਮਿੰਨੀ ਤਾਜ ਮਹਿਲ ਬਣਵਾਉਣ ਵਾਲੇ ਦੀ ਲਾਸ਼ ਪਤਨੀ ਦੀ ਕਬਰ ਦੇ ਨੇੜੇ ਦਫਨਾਈ ਗਈ

ਬੁਲੰਦਸ਼ਹਿਰ, 11 ਨਵੰਬਰ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਬੁਲੰਦਸ਼ਹਿਰ ਵਿੱਚ ਫੈਜ਼ੁਲ ਹਸਨ ਕਾਦਰੀ ਨੇ ਆਪਣੀ ਪਤਨੀ ਦੀ ਯਾਦ ਵਿੱਚ ਮਿੰਨੀ ਤਾਜ ਮਹਿਲ ਬਣਵਾਇਆ ਸੀ। ਬੀਤੇ ਵੀਰਵਾਰ ਉਸ ਦੀ ਵੀ ਸੜਕ ਹਾਦਸੇ ਵਿੱਚ ਮੌਤ ਹੋ ਗਈ। ਕੱਲ੍ਹ ਉਸ ਦੀ ਲਾਸ਼ ਨੂੰ ਪਤਨੀ ਦੀ ਕਬਰ ਦੇ ਨਾਲ ਸਪੁਰਦ-ਏ-ਖਾਕ ਕਰ ਦਿੱਤਾ ਗਿਆ।

ਵਰਨਣ ਯੋਗ ਹੈ ਕਿ ਫੈਜ਼ੁਲ ਹਸਨ ਕਾਦਰੀ ਡਾਕ ਵਿਭਾਗ ਦੇ ਪੋਸਟ ਮਾਸਟਰ ਸਨ। ਰਿਟਾਇਰ ਹੋਣ ਮਗਰੋਂ ਉਹ ਪਿੰਡ ਵਿੱਚ ਆਪਣੀ ਪਤਨੀ ਨਾਲ ਰਹਿ ਰਹੇ ਸਨ। ਉਨ੍ਹਾਂ ਦੀ ਕੋਈ ਔਲਾਦ ਨਹੀਂ ਸੀ। ਸਾਲ 2011 ਵਿੱਚ ਉਨ੍ਹਾਂ ਦੀ ਪਤਨੀ ਤਜੱਮੁਲੀ ਬੇਗ਼ਮ ਦਾ ਬਿਮਾਰੀ ਕਾਰਨ ਦਿਹਾਂਤ ਹੋ ਗਿਆ। ਇਸ ਦੇ ਬਾਅਦ ਫੈਜ਼ੁਲ ਹਸਨ ਕਾਦਰੀ ਨੇ ਸੰਕਲਪ ਲਿਆ ਕਿ ਉਹ ਆਪਣੀ ਪਤਨੀ ਦੀ ਯਾਦ ਵਿੱਚ ਵੱਡਾ ਮਕਬਰਾ ਬਣਵਾਉਣਗੇ। ਉਨ੍ਹਾਂ ਨੇ 24 ਦਸੰਬਰ 2011 ਨੂੰ ਆਪਣੀ ਜ਼ਮੀਨ 'ਤੇ ਮਿੰਨੀ ਤਾਜ ਮਹਿਲ ਬਣਵਾਉਣਾ ਸ਼ੁਰੂ ਕੀਤਾ ਅਤੇ ਪਤਨੀ ਦੀ ਕਬਰ ਦੇ ਬਰਾਬਰ ਆਪਣੀ ਕਬਰ ਦੀ ਜਗ੍ਹਾ ਰੱਖਵਾ ਦਿੱਤੀ। ਪਰਸੋਂ ਉਸ ਦੇ ਦੇਹਾਂਤ ਉੱਤੇ ਉਸ ਨੂੰ ਪਤਨੀ ਦੀ ਕਬਰ ਨੇੜੇ ਦਫਨਾ ਦਿੱਤਾ ਗਿਆ।

# ਦੁਸ਼ਯੰਤ ਨੇ ਚਾਚੇ ਅਭੈ ਚੌਟਾਲਾ ਉਤੇ ਭਾਜਪਾ ਦੀ ਭਾਸ਼ਾ ਬੋਲਣ ਦਾ ਦੋਸ਼ ਲਾਇਆ

ਚੰਡੀਗੜ੍ਹ, 11 ਨਵੰਬਰ, (ਪੋਸਟ ਬਿਊਰੋ)- ਹਰਿਆਣਾ ਦੇ ਚੌਟਾਲਾ ਪਰਿਵਾਰ ਵਿੱਚ ਸਿਆਸੀ ਚੌਧਰ ਦਾ ਅੰਦਰੂਨੀ ਕਲੇਸ਼ ਅੱਜ ਸਿਖਰ ਛੋਹ ਗਿਆ ਅਤੇ ਇਨੈਲੋ (ਇੰਡੀਅਨ ਨੈਸ਼ਨਲ ਲੋਕ ਦਲ) ਦੇ ਮੁਖੀ ਤੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੇ ਦੋਵੇਂ ਪੁੱਤਰ ਅਜੈ ਚੌਟਾਲਾ ਤੇ ਅਭੈ ਚੌਟਾਲਾ ਇਸ ਪਰਿਵਾਰ ਦੀ ਸਿਆਸੀ ਵਿਰਾਸਤ ਉਪਰ ਕਬਜ਼ੇ ਲਈ ਪੂਰੀ ਤਰ੍ਹਾਂ ਇਕ-ਦੂਸਰੇ ਦੇ ਵਿਰੁੱਧ ਮੈਦਾਨ ਵਿਚ ਆਣ ਨਿੱਤਰੇ ਹਨ।



ਓਮ ਪ੍ਰਕਾਸ਼ ਚੌਟਾਲਾ ਦੇ ਵੱਡੇ ਪੁੱਤਰ ਅਜੈ ਚੌਟਾਲਾ ਦੇ ਪੁੱਤਰ ਅਤੇ ਇਨੈਲੋ ਪਾਰਟੀ ਤੋਂ ਕੱਢੇ ਪਾਰਲੀਮੈਂਟ ਮੈਂਬਰ ਦੁਸ਼ਯੰਤ ਚੌਟਾਲਾ ਨੇ ਅੱਜ ਇਥੇ ਆਪਣੇ ਸਮਰਥਕਾਂ ਸਮੇਤ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਆਪਣੇ ਚਾਚੇ ਤੇ ਇਨੈਲੋ ਹਰਿਆਣਾ ਦੇ ਪ੍ਰਧਾਨ ਤੇ ਹਰਿਆਣਾ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਅਭੈ ਚੌਟਾਲਾ ਦੇ ਵਿਰੁੱਧ ਸਿਆਸੀ ਮੋਰਚਾ ਖੋਲ੍ਹਦੇ ਹੋਏ ਕਿਹਾ ਕਿ ਵਿਧਾਨ ਸਭਾ ਵਿਚ ਉਨ੍ਹਾਂ ਨੇ ਲੋਕ ਮੁੱਦੇ ਉਠਾਉਣ ਦੀ ਥਾਂ ਹਮੇਸ਼ਾ ਭਾਰਤੀ ਜਨਤਾ ਪਾਰਟੀ ਦੀ ਭਾਸ਼ਾ ਬੋਲੀ ਹੈ। ਦੁਸ਼ਯੰਤ ਨੇ ਪ੍ਰੈੱਸ ਕਾਨਫਰੰਸ ਵਿੱਚ ਭਾਵੇਂ ਤਾਏ ਅਭੈ ਚੌਟਾਲਾ ਦਾ ਨਾਂਅ ਇਕ ਵਾਰ ਵੀ ਨਹੀਂ ਲਿਆ, ਪਰ ਤਿੱਖੇ ਸਿਆਸੀ ਲੀਡਰ ਵਾਂਗ ਚਾਚੇ ਨੂੰ ਸਿਆਸੀ ਰਗੜੇ ਲਾਏ। ਉਸ ਨੇ ਕਿਹਾ ਕਿ ਉਹ ਅੱਜ ਵੀ ਇਨੈਲੋ ਦੇ ਮੈਂਬਰ ਹਨ, ਕਿਉਂਕਿ ਪਾਰਟੀ ਪ੍ਰਧਾਨ ਓਮ ਪ੍ਰਕਾਸ਼ ਚੌਟਾਲਾ ਦੇ ਦਸਖ਼ਤਾਂ ਹੇਠ ਅਜੇ ਵੀ ਉਨ੍ਹਾਂ ਨੂੰ ਪਾਰਟੀ ਤੋਂ ਕੱਢਣ ਦਾ ਨੋਟਿਸ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਓਮ ਪ੍ਰਕਾਸ਼ ਚੌਟਾਲਾ ਨਾਲ ਉਨ੍ਹਾਂ ਦੀਆਂ ਦੋ ਮੀਟਿੰਗਾਂ ਹੋਈਆਂ, ਪਰ ਉਹ ਇਨ੍ਹਾਂ ਦੇ ਵੇਰਵੇ ਨਹੀਂ ਦੇਣਗੇ। ਉਨ੍ਹਾਂ ਕਿਹਾ ਕਿ ਪਰਿਵਾਰ ਦੇ ਮੁਖੀ ਓਮ ਪ੍ਰਕਾਸ਼ ਚੌਟਾਲਾ ਉਸ ਨੂੰ ਪਾਰਟੀ ਵਿਚੋਂ ਖੁਦ ਕੱਢਣਗੇ ਤਾਂ ਉਹ ਇਸ ਨੂੰ ਦਾਦੇ ਦਾ ਆਸ਼ੀਰਵਾਦ ਮੰਨਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਉਹ ਆਪਣੇ ਪਰਿਵਾਰ ਦੇ ਵੱਡੇ ਮੰਨਦੇ ਹਨ, ਜੋ ਹਮੇਸ਼ਾ ਉਨ੍ਹਾਂ ਦੇ ਦੁੱਖ-ਸੁੱਖ ਵਿਚ ਖੜ੍ਹੇ ਹੋਏ ਹਨ ਤੇ ਆਸ ਹੈ ਕਿ ਜਦੋਂ ਵੀ ਨਿਆਂ ਜਾਂ ਅਨਿਆਂ ਦੀ ਗੱਲ ਹੋਈ ਤਾਂ ਖੁੱਲ੍ਹ ਕੇ ਸਾਹਮਣੇ ਆਉਣਗੇ। ਇਸ ਮੌਕੇ ਦੁਸ਼ਯੰਤ ਨਾਲ ਦੋ ਵਿਧਾਇਕ ਰਾਜਦੀਪ ਫੌਗਾਟ ਤੇ ਅਨੂਪ ਧਾਨਕ ਸਮੇਤ ਵੱਡੀ ਗਿਣਤੀ ਵਿਚ ਸਮਰਥਕ ਵੀ ਮੌਜੂਦ ਸਨ।

ਦੁਸ਼ਯੰਤ ਨੇ ਕਿਹਾ ਕਿ ਜੇਲ੍ਹ ਵਿਚੋਂ ਪੈਰੋਲ ਉੱਤੇ ਆਏ ਉਸ ਦੇ ਪਿਤਾ ਅਤੇ ਪਾਰਟੀ ਦੇ ਸਕੱਤਰ ਜਨਰਲ ਡਾਕਟਰ ਅਜੈ ਚੌਟਾਲਾ ਨੇ ਇਨੈਲੋ ਦੀ ਕਾਰਜਕਾਰਨੀ ਮੀਟਿੰਗ 17 ਨਵੰਬਰ ਨੂੰ ਜੀਂਦ ਵਿਚ ਰੱਖੀ ਹੈ, ਜਿੱਥੇ ਨਿਬੇੜਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਆਪਣੇ ਭਰਾ ਦਿਗਵਿਜੈ ਚੌਟਾਲਾ ਨਾਲ ਮਿਲ ਕੇ ਚੌਧਰੀ ਦੇਵੀ ਲਾਲ ਦੀ ਸੋਚ ਨੂੰ ਘਰ-ਘਰ ਪੁਚਾ ਕੇ ਪਾਰਟੀ ਪ੍ਰਧਾਨ ਓਮ ਪ੍ਰਕਾਸ਼ ਚੌਟਾਲਾ ਨੂੰ ਮਜ਼ਬੂਤ ਕਰਨ ਦਾ ਜ਼ੋਰ ਲਾ ਰਹੇ ਸਨ, ਪਰ ਪਿਛਲੇ ਲੰਮੇਂ ਸਮੇਂ ਤੋਂ ਪਾਰਟੀ ਦੇ ਕੁਝ ਆਗੂਆਂ ਨੂੰ ਇਹ ਹਜ਼ਮ ਨਹੀਂ ਹੋ ਰਿਹਾ ਤੇ ਉਹ ਦੋਵਾਂ ਭਰਾਵਾਂ ਨੂੰ ਪਾਰਟੀ ਵਿੱਚ ਖੂੰਜੇ ਲਾਉਣ ਲਈ ਯਤਨਸ਼ੀਲ ਸਨ। ਉਸ ਨੂੰ ਕਦੇ ਪਾਰਟੀ ਦੇ ਵੱਡੇ ਫੈਸਲਿਆਂ ਵਿਚ ਸ਼ਾਮਲ ਨਹੀਂ ਕੀਤਾ ਜਾਂਦਾ। ਉਨ੍ਹਾਂ ਦੋਸ਼ ਲਾਇਆ ਕਿ ਪਿਤਾ ਅਜੈ ਚੌਟਾਲਾ ਅਤੇ ਮਾਤਾ ਵਿਧਾਇਕਾ ਨੈਨਾ ਸਿੰਘ ਚੌਟਾਲਾ ਨਾਲ ਜੁੜੇ ਨੇਤਾਵਾਂ ਨੂੰ ਵੀ ਸਾਜ਼ਿਸ਼ ਹੇਠ ਪਾਰਟੀ ਵਿਚ ਜ਼ਲੀਲ ਕੀਤਾ ਜਾਂਦਾ ਸੀ ਤੇ ਅਜਿਹੇ ਲੋਕਾਂ ਨੇ ਉਨ੍ਹਾਂ ਦੇ ਪਿਤਾ ਅਜੇ ਚੌਟਾਲਾ ਦੇ ਜੇਲ੍ਹ ਵਿਚੋਂ ਪੈਰੋਲ ਉਤੇ ਬਾਹਰ ਆਉਣ ਤੋਂ 48 ਘੰਟੇ ਪਹਿਲਾਂ ਦੋਵਾਂ ਭਰਾਵਾਂ ਨੂੰ ਪਾਰਟੀ ਵਿਚੋਂ ਕਢਵਾਉਣ ਦੀ ਸਾਜ਼ਿਸ਼ ਰਚੀ ਸੀ।

# ਬੀਤੇ ਸਾਲ ਵਿੱਚ ਭਾਰਤ ਵਿੱਚ 25 ਥਾਵਾਂ ਦੇ ਨਾਂ ਬਦਲ ਦਿੱਤੇ ਗਏ

*** ਪੱਛਮੀ ਬੰਗਾਲ ਦਾ ਨਾਂ ਬਾਂਗਲਾ ਅਤੇ ਅਹਿਮਦਾਬਾਦ ਤੋਂ ਕਰਨਾਵਤੀ ਹੋ ਸਕਦੈ**

ਨਵੀਂ ਦਿੱਲੀ, 11 ਨਵੰਬਰ, (ਪੋਸਟ ਬਿਊਰੋ)- ਭਾਰਤ ਦੀ ਕੇਂਦਰ ਸਰਕਾਰ ਨੇ ਇਕ ਸਾਲ ਵਿੱਚ ਦੇਸ਼ ਵਿੱਚ 25 ਸ਼ਹਿਰਾਂ ਅਤੇ ਪਿੰਡਾਂ ਦੇ ਨਾਂ ਬਦਲਣ ਦੀ ਤਜਵੀਜ਼ ਪ੍ਰਵਾਨ ਕੀਤੀ ਹੈ ਅਤੇ ਪੱਛਮੀ ਬੰਗਾਲ ਦਾ ਨਾਂ ਬਾਂਗਲਾ ਕਰਨ ਵਾਂਗ ਕਈ ਹੋਰ ਤਜਵੀਜ਼ਾਂ ਲਟਕਦੀਆਂ ਹਨ। ਪੱਛਮੀ ਬੰਗਾਲ ਸਰਕਾਰ ਦੀ ਤਜਵੀਜ਼ ਗ੍ਰਹਿ ਮੰਤਰਾਲੇ ਨੇ ਪਿੱਛੇ ਜਿਹੇ ਵਿਦੇਸ਼ ਮੰਤਰਾਲੇ ਵੱਲ ਭੇਜੀ ਹੈ, ਕਿਉਂਕਿ ਬਾਂਗਲਾ ਨਾਂ ਗੁਆਂਢੀ ਬੰਗਲਾਦੇਸ਼ ਨਾਲ ਕਾਫੀ ਮਿਲਦਾ-ਜੁਲਦਾ ਹੈ।

ਉੱਤਰ ਪ੍ਰਦੇਸ਼ ਦੇ ਇਲਾਹਾਬਾਦ (ਨਵਾਂ ਨਾਂਅ ਪ੍ਰਯਾਗਰਾਜ) ਅਤੇ ਜ਼ਿਲਾ ਫ਼ੈਜ਼ਾਬਾਦ (ਨਵਾਂ ਨਾਂਅ ਅਯੁੱਧਿਆ) ਦੇ ਨਾਂ ਬਦਲਣ ਦੀ ਤਜਵੀਜ਼ ਹਾਲੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਨਹੀਂ ਮਿਲੀ। ਬੀਤੇ ਵੀਰਵਾਰ ਨੂੰ ਗੁਜਰਾਤ ਦੇ ਮੁੱਖ ਮੰਤਰੀ ਵਿਜੇ ਰੁਪਾਣੀ ਨੇ ਕਿਹਾ ਸੀ ਕਿ ਉਨ੍ਹਾਂ ਦੀ ਸਰਕਾਰ ਅਗਲੇ ਸਾਲ ਹੋ ਰਹੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਅਹਿਮਦਾਬਾਦ ਦਾ ਨਾਂ ਕਰਨਾਵਤੀ ਕਰਨ ’ਤੇ ਵਿਚਾਰ ਕਰ ਰਹੀ ਹੈ। ਕੇਂਦਰੀ ਗ੍ਰਹਿ ਮੰਤਰਾਲੇ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਆਂਧਰਾ ਪ੍ਰਦੇਸ਼ ਦੇ ਪੂਰੀ ਗੋਦਾਵਰੀ ਜ਼ਿਲ੍ਹੇ ਵਿੱਚ ਰਾਜਮੁੰਦਰੀ ਦਾ ਨਾਂ ਰਾਜਮਾਹੇਂਦਰਵਰਮ ਕਰ ਦਿੱਤਾ ਗਿਆ ਹੈ। ਓਡੀਸ਼ਾ ਦੇ ਭਦਰਕ ਜ਼ਿਲ੍ਹੇ ਵਿਚਲੇ ਆਊਟਰ ਵ੍ਹੀਲਰ ਟਾਪੂ ਦਾ ਨਾਂ ਏ ਪੀ ਜੇ ਅਬਦੁਲ ਕਲਾਮ ਟਾਪੂ, ਕੇਰਲ ਦੇ ਮੱਲਪੁਰਮ ਜ਼ਿਲ੍ਹੇ ਵਿੱਚ ਏਰਿਕਕੋਡ ਦਾ ਨਵਾਂ ਨਾਂ ਏਰੀਕੋਡ, ਹਰਿਆਣਾ ਦੇ ਜੀਂਦ ਜ਼ਿਲ੍ਹੇ ਦੇ ਪਿੰਡਾਰਾ ਦਾ ਪਾਂਡੂ ਪਿੰਡਾਰਾ ਅਤੇ ਨਾਗਾਲੈਂਡ ਦੇ ਕਿਪਸ਼ਾਇਰ ਜ਼ਿਲ੍ਹੇ ਦੇ ਸਮਫੁਰ ਦਾ ਨਾਂ ਸਨਪੁਰ ਕਰ ਦਿੱਤਾ ਗਿਆ ਹੈ। ਹਰਿਆਣਾ ਦੇ ਗੜ੍ਹੀ ਸਾਂ-ਪਲਾ ਦਾ ਨਾਂ ਚੌਧਰੀ ਸਰ ਛੋਟੂਰਾਮ ਨਗਰ ਅਤੇ ਰਾਜਸਥਾਨ ਦੇ ਨਾਗੌਰ ਜ਼ਿਲ੍ਹੇ ਵਿੱਚ ਖਾਟੂ ਕਲਾਂ ਦਾ ਨਾਂ ਬੜਾ ਖਾਟੂ ਕਰ ਦਿੱਤਾ ਹੈ। ਇਸੇ ਤਰ੍ਹਾਂ ਮੱਧ ਪ੍ਰਦੇਸ਼ ਦੇ ਪੰਨਾ ਜ਼ਿਲ੍ਹੇ ਦੇ ਮੇਹਗਾਓਂ ਛੱਕਾ ਤੇ ਮੇਹਗਾਉਂ ਤਿਲੀਆ ਦਾ ਨਾਂ ਮੇਹਗਾਉਂ ਸਰਕਾਰ ਅਤੇ ਮੇਹਗਾਉਂ ਘਾਟ ਅਤੇ ਉੱਤਰ ਪ੍ਰਦੇਸ਼ ਵਿਚਲੇ ਮੁਜ਼ੱਫਰਨਗਰ ਦੇ ਸ਼ੁਕਰਤਾਲ ਖਾਦਰ ਤੇ ਸ਼ੁਕਰਤਾਲ ਬਾਂਗਲ ਦਾ ਨਾਂ ਸੁਖਤੀਰਥ ਖਾਦਰ ਤੇ ਸੁਖਤੀਰਥ ਬਾਂਗਲ ਕਰ ਦਿੱਤਾ ਗਿਆ ਹੈ। ਇਕ ਹੋਰ ਅਧਿਕਾਰੀ ਮੁਤਾਬਕ ਰੇਲਵੇ ਤੇ ਡਾਕ ਸਵਰੇਖਣ ਵਿਭਾਗ ਦੀ ਐੱਨ ਓ ਸੀ ਮਿਲਣ ਤੋਂ ਬਾਅਦ ਗ੍ਰਹਿ ਮੰਤਰਾਲਾ ਕਿਸੇ ਵੀ ਥਾਂ ਦਾ ਨਾਂ ਬਦਲਣ ਦੀ ਸਹਿਮਤੀ ਦੇ ਦੇਂਦਾ ਹੈ। ਬੀਤੇ ਸਾਲ ਕੇਂਦਰ ਦੇ ਮੁਗ਼ਲ ਸਰਾਏ ਰੇਲਵੇ ਸਟੇਸ਼ਨ ਦਾ ਨਾਂ ਦੀਨ ਦਿਆਲ ਉਪਾਧਿਆਏ ਸਟੇਸ਼ਨ ਕਰਨ ’ਤੇ ਸਹਿਮਤੀ ਦਿੱਤੀ ਸੀ। ਭਾਜਪਾ ਤੋਂ ਪਹਿਲਾਂ ਦੀ ਜਨਸੰਘ ਦੇ ਨੇਤਾ ਦੀਨ ਦਿਆਲ ਉਪਾਧਿਆਏ ਸਾਲ 1968 ’ਚ ਇਸੇ ਸਟੇਸ਼ਨ ’ਤੇ ਮ੍ਰਿਤਕ ਮਿਲੇ ਸਨ।

# ਮਨੋਜ ਤਿਵਾੜੀ ਨੂੰ ਧੱਕਾ ਦੇਣ ਬਦਲੇ ਕੇਜਰੀਵਾਲ ਅਤੇ ਅਮਾਨਤੁੱਲਾ ਵਿਰੁੱਧ ਕੇਸ ਦਰਜ

ਨਵੀਂ ਦਿੱਲੀ, 11 ਨਵੰਬਰ (ਪੋਸਟ ਬਿਊਰੋ)- ਬੀਤੇ ਦਿਨੀਂ ਦਿੱਲੀ ਵਿੱਚ ਸਿਗਨੇਚਰ ਬ੍ਰਿਜ ਦੇ ਉਦਘਾਟਨ ਮੌਕੇ ਹੰਗਾਮਾ ਹੋਣ ਦਾ ਮਾਮਲਾ ਰੁਕਦਾ ਨਜ਼ਰ ਨਹੀਂ ਆ ਰਿਹਾ। ਆਮ ਆਦਮੀ ਪਾਰਟੀ ਦੇ ਵਿਧਾਇਕ ਅਮਾਨਤੁੱਲਾ ਖਾਨ ਦੇ ਵਿਰੁੱਧ ਕੱਲ੍ਹ ਦਿੱਲੀ ਪੁਲਸ ਸ਼ਿਕਾਇਤ ਦਰਜ ਕਰਵਾਈ ਗਈ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਵਿੱਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਨਾਂਅ ਵੀ ਸ਼ਾਮਲ ਕੀਤਾ ਗਿਆ ਹੈ।



ਦਿੱਲੀ ਵਿੱਚ ਸਿਗਨੇਚਰ ਬ੍ਰਿਜ ਦੇ ਉਦਘਾਟਨ ਵਾਲੇ ਦਿਨ ਇੱਕ ਪਾਸੇ ਦਿੱਲੀ ਭਾਜਪਾ ਦੇ ਪ੍ਰਧਾਨ ਮਨੋਜ ਤਿਵਾੜੀ ਦੀ ਦਿੱਲੀ ਪੁਲਸ ਦੇ ਅਧਿਕਾਰੀਆਂ ਤੇ ਦੂਸਰੇ ਪਾਸੇ ਆਮ ਆਦਮੀ ਪਾਰਟੀ ਦੇ ਵਰਕਰਾਂ ਨਾਲ ਵੀ ਝੜਪ ਹੋਈ ਸੀ। ਆਮ ਆਦਮੀ ਪਾਰਟੀ ਦੇ ਵਿਧਾਇਕ ਅਮਾਨਤੁੱਲਾ ਇਸ ਝਗੜੇ ਦੌਰਾਨ ਮਨੋਜ ਤਿਵਾੜੀ ਨੂੰ ਧੱਕਾ ਦਿੰਦੇ ਨਜ਼ਰ ਆਏ ਸਨ। ਬ੍ਰਿਜ 'ਤੇ ਹੋਏ ਹੰਗਾਮੇ ਦੇ ਇਸ ਮਾਮਲੇ ਵਿੱਚ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਜਦੋਂ ਐੱਫ ਆਈ ਆਰ ਦਰਜ ਕਰਵਾਈ, ਉਸ ਵਿੱਚ ਮਨੋਜ ਤਿਵਾੜੀ ਦਾ ਨਾਂਅ ਸ਼ਾਮਲ ਕੀਤਾ ਗਿਆ ਸੀ। ਇਹ ਕੇਸ ਸਥਾਨਕ ਪੁਲਸ ਕੋਲੋਂ ਲੈ ਕੇ ਕਰਾਈਮ ਬਰਾਂਚ ਨੂੰ ਤਬਦੀਲ ਕੀਤਾ ਗਿਆ ਹੈ। ਆਮ ਆਦਮੀ ਪਾਰਟੀ ਦਾ ਦੋਸ਼ ਹੈ ਕਿ ਉਨ੍ਹਾਂ ਦੇ ਵਿਧਾਇਕ ਅਮਾਨ-ਤੁੱਲਾ ਵਿਰੁੱਧ ਕੇਸ ਦਰਜ ਹੋ ਗਿਆ, ਪਰ ਮਨੋਜ ਤਿਵਾੜੀ ਤੇ ਉਨ੍ਹਾਂ ਦੇ ਜਿਨ੍ਹਾਂ ਹਮਾਇਤੀ ਹਮਾਇਤੀਆਂ ਨੇ ਅਰਵਿੰਦ ਕੇਜਰੀਵਾਲ 'ਤੇ ਹਮਲਾ ਕੀਤਾ ਅਤੇ ਪੁਲਸ ਨਾਲ ਝੜਪ ਕੀਤੀ, ਉਨ੍ਹਾਂ ਬਾਰੇ ਲਿਖਤੀ ਸ਼ਿਕਾਇਤ ਦੇਣ ਦੇ ਬਾਵਜੂਦ ਦਰਜ ਨਹੀਂ ਕੀਤਾ ਗਿਆ।

# ਨੋਟਬੰਦੀ ਦੇ ਦੋ ਸਾਲ ਪਿੱਛੋਂ ਵੀ ਬੈਂਕ ਕਰਮਚਾਰੀ ਪ੍ਰੇਸ਼ਾਨ

ਨਵੀਂ ਦਿੱਲੀ, 11 ਨਵੰਬਰ (ਪੋਸਟ ਬਿਊਰੋ)- ਬੈਂਕ ਕਰਮਚਾਰੀਆਂ ਨੂੰ ਨੋਟਬੰਦੀ ਦੇ ਵਕਤ ਦੇਰ ਰਾਤ ਤੱਕ ਕੰਮ ਕਰਨ ਦੇ ਬਦਲੇ ਦੋ ਸਾਲ ਬਾਅਦ ਵੀ ਅਜੇ ਤੱਕ ਭੁਗਤਾਨ ਨਹੀਂ ਕੀਤਾ ਗਿਆ। ਕਰਮਚਾਰੀਆਂ ਨੂੰ ਪੈਸੇ ਘੱਟ ਪੈਣ 'ਤੇ ਆਪਣੀ ਜੇਬ ਤੋਂ ਭਰਨੇ ਪਏ ਸਨ ਅਤੇ ਉਹ ਅਜੇ ਤੱਕ ਵੀ ਬੇਹਾਲ ਹਨ। ਨੈਸ਼ਨਲ ਆਰਗੇਨਾਈਜੇਸ਼ਨ ਆਫ ਬੈਂਕ ਵਰਕਰਸ (ਐੱਨ ਓ ਬੀ ਡਬਲਯੂ) ਨੇ ਇੱਕ ਬਿਆਨ ਜਾਰੀ ਕਰ ਕੇ ਆਪਣੀ ਇਹ ਪ੍ਰੇਸ਼ਾਨੀ ਦੱਸੀ ਹੈ।

ਬੈਂਕ ਕਰਮਚਾਰੀਆਂ ਦੇ ਇਸ ਸੰਗਠਨ ਦੇ ਉਪ ਪ੍ਰਧਾਨ ਅਸ਼ਵਨੀ ਰਾਣੀ ਨੇ ਕਿਹਾ, ਨੋਟਬੰਦੀ ਦਾ ਦਰਦ ਸਭ ਨੇ ਝੱਲਿਆ, ਪਰ ਇਸ ਦੀ ਸਭ ਤੋਂ ਵੱਧ ਮਾਰ ਬੈਂਕ ਕਰਮਚਾਰੀਆਂ ਨੂੰ ਪਈ। ਉਨ੍ਹਾਂ ਨੇ ਦੇਰ ਰਾਤ ਤੱਕ ਬੈਂਕਾਂ 'ਚ ਕੰਮ ਕੀਤਾ। ਉਨ੍ਹਾਂ ਨੂੰ ਛੁੱਟੀਆਂ ਨਹੀਂ ਮਿਲੀਆਂ ਅਤੇ ਜੋ ਪੈਸਾ ਘੱਟ ਹੋਇਆ, ਉਸ ਨੂੰ ਉਨ੍ਹਾਂ ਆਪਣੀ ਜੇਬ ਵਿੱਚੋਂ ਭਰਿਆ, ਪਰ ਦੁੱਖ ਦੀ ਗੱਲ ਇਹ ਹੈ ਕਿ ਦੋ ਸਾਲ ਬੀਤ ਜਾਣ ਤੋਂ ਬਾਅਦ ਵੀ ਉਨ੍ਹਾਂ ਦੇ ਕੰਮ ਦੇ ਬਦਲੇ ਕੋਈ ਭੁਗਤਾਨ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਓਵਰਟਾਈਮ ਹੀ ਨਹੀਂ, ਕਰਮਚਾਰੀਆਂ ਦਾ ਤਨਖਾਹ ਸਮਝੌਤਾ ਇੱਕ ਨਵੰਬਰ 2017 ਤੋਂ ਲਾਗੂ ਹੋਣਾ ਚਾਹੀਦਾ ਸੀ, ਉਹ ਅਜੇ ਤੱਕ ਨਹੀਂ ਹੋਇਆ। ਭਾਰਤੀ ਬੈਂਕ ਐਸੋਸੀਏਸ਼ਨ ਨੇ ਇਸ ਲਈ ਕਈ ਵਾਰ ਬੈਠਕ ਕੀਤੀ, ਪਰ ਸਿਰਫ ਛੇ ਫੀਸਦੀ ਵਾਧੇ ਦਾ ਪ੍ਰਸਤਾਵ ਕੀਤਾ, ਜੋ ਬੇਹੱਦ ਘੱਟ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਜਿਹੜੇ ਬੈਂਕਾਂ ਨੇ ਕਰਮਚਾਰੀਆਂ ਦਾ ਓਵਰਟਾਈਮ ਨਹੀਂ ਦਿੱਤਾ, ਸਰਕਾਰ ਉਨ੍ਹਾਂ ਨੂੰ ਇਸ ਨੂੰ ਤੁਰੰਤ ਜਾਰੀ ਕਰਨ ਦਾ ਆਦੇਸ਼ ਦੇਵੇ।

# ਅਯੁੱਧਿਆ ਬਾਰੇ ਭਾਜਪਾ ਦੀ ਐੱਮ ਪੀ ਬੀਬੀ ਨੇ ਬੁੱਧ ਧਰਮ ਵਾਲੀ ਮੰਗ ਚੁੱਕ ਦਿੱਤੀ

ਲਖਨਊ, 11 ਨਵੰਬਰ (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਦੀ ਪਾਰਲੀਮੈਂਟ ਮੈਂਬਰ ਸਾਵਿਤਰੀ ਬਾਈ ਫੂਲੇ ਨੇ ਕੱਲ੍ਹ ਅਯੁੱਧਿਆ ਵਿੱਚ ਵਿਵਾਦਿਤ ਸਥਾਨ ਉੱਤੇ ਭਗਵਾਨ ਬੁੱਧ ਦੀ ਮੂਰਤੀ ਲਾਉਣ ਦੀ ਮੰਗ ਕੀਤੀ ਹੈ।

ਉੱਤਰ ਪ੍ਰਦੇਸ਼ ਦੇ ਬਹਿਰਾਇਚ ਹਲਕੇ ਤੋਂ ਪਾਰਲੀਮੈਂਟ ਮੈਂਬਰ ਸਾਵਿਤਰੀ ਬਾਈ ਦਾ ਇਹ ਬਿਆਨ ਯੋਗੀ ਸਰਕਾਰ ਵੱਲੋਂ ਅਯੁੱਧਿਆ ਵਿੱਚ ਰਾਮ ਜੀ ਦੀ ਮੂਰਤੀ ਲਵਾਉਣ ਦੇ ਐਲਾਨ ਤੋਂ ਬਾਅਦ ਆਇਆ ਹੈ। ਪਾਰਲੀਮੈਂਟ ਮੈਂਬਰ ਸਾਵਿਤਰੀ ਬਾਈ ਫੂਲੇ ਨੇ ਕਿਹਾ ਕਿ ਅਯੁੱਧਿਆ ਭਗਵਾਨ ਬੁੱਧ ਦਾ ਕਰਮ ਸਥਾਨ ਹੈ, ਇਸ ਲਈ ਉਥੇ ਬੁੱਧ ਦੀ ਮੂਰਤੀ ਲਾਈ ਜਾਣੀ ਚਾਹੀਦੀ ਹੈ। ਸਾਵਿਤਰੀ ਬਾਈ ਫੂਲੇ ਨੇ ਵਿਵਾਦਿਤ ਸਥਾਨ ਵਿੱਚ ਹੋਈ ਖੁਦਾਈ ਵੇਲੇ ਨਿਕਲੇ ਪੱਥਰਾਂ ਦੇ ਹਵਾਲੇ ਦੇਂਦੇ ਹੋਏ ਕਿਹਾ ਕਿ ਉਹ ਪੱਥਰ ਭਗਵਾਨ ਬੁੱਧ ਨਾਲ ਜੁੜੇ ਹੋਏ ਸਨ। ਭਾਜਪਾ ਸਰਕਾਰ ਤੇ ਉਸ ਦੇ ਮੰਤਰੀਆਂ ਵੱਲੋਂ ਬਿੱਲ ਪੇਸ਼ ਕਰ ਕੇ ਮੰਦਰ ਉਸਾਰੀ ਕਰਨ ਦੇ ਬਿਆਨਾਂ ਨਾਲ ਜੁੜੇ ਇਕ ਸਵਾਲ ਦੇ ਜਵਾਬ ’ਚ ਪਾਰਲੀਮੈਂਟ ਮੈਂਬਰ ਸਾਵਿਤਰੀ ਬਾਈ ਫੂਲੇ ਨੇ ਕਿਹਾ ਕਿ ਭਾਰਤ ਦਾ ਸੰਵਿਧਾਨ ਸਾਰੇ ਧਰਮਾਂ ਦਾ ਸਨਮਾਨ ਕਰਦਾ ਹੈ, ਇਸ ਲਈ ਭਾਰਤ ਨੂੰ ਧਰਮ ਨਿਰਪੱਖ ਦੇਸ਼ ਦਾ ਦਰਜਾ ਹਾਸਲ ਹੈ। ਉਨ੍ਹਾਂ ਨੇ ਭਾਜਪਾ ਸਰਕਾਰ ਤੇ ਇਸ ਦੇ ਮੰਤਰੀਆਂ ਵੱਲੋਂ ਕੀਤੀ ਜਾਂਦੀ ਬਿਆਨਬਾਜੀ ਨੂੰ ਅਸੰਵਿਧਾਨਕ ਕਰਾਰ ਦਿੱਤਾ ਅਤੇ ਸੰਵਿਧਾਨ ਮੁਤਾ-ਬਕ ਵਿਹਾਰ ਕਰਨ ਦੀ ਸਲਾਹ ਦਿੱਤੀ। ਵਰਨਣ ਯੋਗ ਹੈ ਕਿ ਰਾਮ ਮੰਦਰ ਮੁੱਦੇ ਦੀ ਸੁਣਵਾਈ ਨੂੰ ਸੁਪਰੀਮ ਕੋਰਟ ਨੇ ਜਨਵਰੀ ਤਕ ਟਾਲ ਦਿੱਤਾ ਹੈ। ਇਸ ਤੋਂ ਬਾਅਦ ਅਯੁੱਧਿਆ ਵਿੱਚ ਸੰਤ ਵੀ ਭਾਜਪਾ ਸਰਕਾਰ ਉਤੇ ਆਰਡੀਨੈਂਸ ਨਾਲ ਰਾਮ ਮੰਦਰ ਉਸਾਰੀ ਦੇ ਲਈ ਰਾਹ ਸਾਫ ਕਰਨ ਦਾ ਦਬਾਅ ਬਣਾ ਰਹੇ ਹਨ। ਦੀਵਾਲੀ ਮੌਕੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਅਯੁੱਧਿਆ ਵਿੱਚ ਭਗਵਾਨ ਰਾਮ ਦੀ ਮੂਰਤੀ ਲਾਉਣ ਦਾ ਐਲਾਨ ਕਰ ਚੁੱਕੇ ਹਨ ਤੇ ਡਿਪਟੀ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਸਮੇਤ ਕਈ ਭਾਜਪਾ ਨੇਤਾ ਆਰਡੀਨੈਂਸ ਦੇ ਰਾਹੀਂ ਮੰਦਰ ਉਸਾਰਨ ਦੇ ਬਦਲ ਦੀ ਗੱਲ ਵੀ ਕਰ ਚੁੱਕੇ ਹਨ।

# ਨਾਗਪੁਰ ਵਿੱਚੋਂ ਆਈ ਐਸ ਆਈ ਦੇ ਦੋ ਏਜੰਟ ਗ੍ਰਿਫਤਾਰ, ਤਿੰਨਾਂ ਦੀ ਭਾਲ ਜਾਰੀ



ਨਾਗਪੁਰ, 11 ਨਵੰਬਰ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਨਾਗਪੁਰ ਦੇ ਭਾਲਦਾਪੁਰ ਖੇਤਰ ਤੋਂ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਦੇ ਦੋ ਸ਼ੱਕੀ ਏਜੰਟਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਮੁੰਬਈ ਪੁਲਸ ਦੇ ਸਪੈਸ਼ਲ ਸੈੱਲ ਅਤੇ ਨਾਗ-ਪੁਰ ਪੁਲਸ ਦੀ ਏ ਟੀ ਐੱਸ ਨੇ ਸਾਂਝੀ ਕਾਰਵਾਈ ਵਿੱਚ ਇਨ੍ਹਾਂ ਦੋ ਏਜੰਟਾਂ ਨੂੰ ਗ੍ਰਿਫਤਾਰ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਹਾਲੇ ਵੀ ਤਿੰਨ ਏਜੰਟ ਇਸ ਇਲਾਕੇ ਵਿੱਚ ਸਰਗਰਮ ਹਨ ਅਤੇ ਉਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ। ਮਹਾਰਾਸ਼ਟਰ ਟਾਈਮਜ਼ ਦੀ ਖਬਰ ਮੁਤਾਬਕ ਇਹ ਦੋਵੇਂ ਸ਼ੱਕੀ ਇਸ ਸ਼ਹਿਰ ਵਿੱਚ ਪਿਛਲੇ ਕੁਝ ਦਿਨਾਂ ਤੋਂ ਰਹਿ ਰਹੇ ਸਨ। ਉਨ੍ਹਾਂ ਦੇ ਘਰ ਤੋਂ ਮਿਲੀਆਂ ਚੀਜ਼ਾਂ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਪਤਾ ਲੱਗਾ ਹੈ ਕਿ ਆਈ ਐੱਸ ਆਈ ਦੇ ਇਹ ਏਜੰਟ ਸ਼ਹਿਰ ਵਿੱਚ ਰਹਿ ਕੇ ਅੱਤਵਾਦੀਆਂ ਦਾ ਸਲੀਪਰ ਸੈੱਲ ਖੜਾ ਕਰਨ ਲੱਗੇ ਹੋਏ ਹਨ। ਇਸ ਤੋਂ ਪਹਿਲਾਂ ਅਕਤੂਬਰ ਵਿੱਚ ਯੂ ਪੀ ਰਾਜ ਦੀ ਏ ਟੀ ਐੱਸ ਅਤੇ ਮਹਾਰਾਸ਼ਟਰ ਪੁਲਸ ਦੀ ਸਾਂਝੀ ਕਾਰਵਾਈ ਵਿੱਚ ਨਾਗਪੁਰ ਦੀ ਬ੍ਰਹਿਮੋਸ ਮਿਜ਼ਾਈਲ ਯੂਨਿਟ ਤੋਂ ਇੱਕ ਇੰਜੀਨੀਅਰ ਨਿਸ਼ਾਂਤ ਅਗਰਵਾਲ ਨੂੰ ਫੜਿਆ ਗਿਆ ਸੀ। ਨਿਸ਼ਾਂਤ ਅਗਰਵਾਲ ਫੇਸਬੁਕ ਉਤੇ ‘ਨੇਹਾ ਸ਼ਰਮਾ’ ਅਤੇ ‘ਪੂਜਾ ਰੰਜਨ’ ਨਾਂਅ ਨਾਲ ਚੱਲ ਰਹੇ ਦੋ ਫਰਜ਼ੀ ਅਕਾਊਂਟਸ ਦੇ ਰਾਹੀਂ ਪਾਕਿਸਤਾਨ ਦੇ ਸ਼ੱਕੀ ਖੁਫੀਆ ਮੈਂਬਰਾਂ ਦੇ ਸੰਪਰਕ 'ਚ ਸੀ। ਇਹੀ ਨਹੀਂ ਉਸ ਦੇ ਫੋਨ ਤੋਂ ਪਾਕਿਸਤਾਨ ਵਿੱਚ ਕਈ ਕਾਲਾਂ ਵੀ ਕੀਤੀਆਂ ਗਈਆਂ ਸਨ। ਉਸ ਕੇਸ ਦੀ ਜਾਂਚ ਵੀ ਹਾਲੇ ਤੱਕ ਜਾਰੀ ਹੈ।

# ਸਿਗਰੇਟ ਪੀਣੋਂ ਰੋਕਣ 'ਤੇ ਗਰਭਵਤੀ ਦਾ ਕਤਲ

ਸ਼ਾਹਜਹਾਂਪੁਰ, 11 ਨਵੰਬਰ (ਪੋਸਟ ਬਿਊਰੋ)- ਅੰਮ੍ਰਿਤਸਰ ਤੋਂ ਟਾਟਾ ਨਗਰ ਚੱਲੀ ਜਲ੍ਹਿਆਂਵਾਲਾ ਬਾਗ ਐਕਸਪ੍ਰੈਸ ਟਰੇਨ ਵਿੱਚ ਸਿਗਰੇਟ ਪੀਣ ਤੋਂ ਨਾਂਹ ਕਰਨ 'ਤੇ ਇੱਕ ਔਰਤ ਦੀ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ ਗਈ।



ਬਰੇਲੀ ਸਟੇਸ਼ਨ ਨੇੜੇ ਸਿਗਰੇਟ ਪੀਣ ਤੋਂ ਰੋਕਣ ਉੱਤੇ ਤਿੰਨ ਨੌਜਵਾਨਾ ਦਾ 50 ਸਾਲਾ ਔਰਤ ਚਿੰਤਾ ਦੇਵੀ ਨਾਲ ਝਗੜਾ ਹੋ ਗਿਆ। ਔਰਤ ਦੇ ਪੁੱਤਰ ਨੇ ਵਿਰੋਧ ਕੀਤਾ ਤਾਂ ਨੌਜਵਾਨ ਹਮਲਾਵਰ ਹੋ ਗਏ। ਉਨ੍ਹਾਂ ਨੇ ਔਰਤ, ਉਸ ਦੇ ਬੇਟੇ ਤੇ ਨੂੰਹ ਨੂੰ ਬੁਰੀ ਤਰ੍ਹਾਂ ਕੁੱਟਿਆ। ਤਿੰਨ ਵਿੱਚੋਂ ਦੋ ਨੌਜਵਾਨ ਚੇਨ ਖਿੱਚ ਕੇ ਫਰਾਰ ਹੋ ਗਏ, ਪਰ ਤੀਜੇ ਨੌਜਵਾਨ ਸੋਨੂੰ ਵਾਸੀ ਆਜ਼ਮਗੜ੍ਹ ਨੂੰ ਫੜ ਲਿਆ ਗਿਆ। ਟਰੇਨ ਦੇ ਸ਼ਾਹਜਹਾਂਪੁਰ ਪੁੱਜਣ 'ਤੇ ਔਰਤ ਨੂੰ ਹਸਪਤਾਲ ਦਾਖਲ ਕਰਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਪੁਲਸ ਨੇ ਦੱਸਿਆ ਕਿ ਬਿਹਾਰ ਦੇ ਡੇਹਰੀ ਆਨਸੋਨ ਜ਼ਿਲ੍ਹੇ ਦੇ ਪਿੰਡ ਮਖਰਿਨ ਦੀ ਰਹਿਣ ਵਾਲੀ ਚਿੰਤਾ ਦੇਵੀ ਦਾ ਪੁੱਤਰ ਰਾਹੁਲ ਜਲੰਧਰ ਵਿੱਚ ਨੌਕਰੀ ਕਰਦਾ ਹੈ। ਛਠ ਪੂਜਾ ਲਈ ਚਿੰਤਾ ਦੇਵੀ ਰਾਹੁਲ ਅਤੇ ਨੂੰਹ ਬਬੀਤਾ ਨਾਲ ਆਪਣੇ ਘਰ ਜਾ ਰਹੀ ਸੀ। ਤੜਕੇ 3.30 ਵਜੇ ਤਿੰਨ ਨੌਜਵਾਨਾਂ ਨੇ ਸਿਗਰੇਟ ਪੀਣੀ ਸ਼ੁਰੂ ਕੀਤੀ ਤਾਂ ਚਿੰਤਾ ਦੇਵੀ ਨੇ ਆਪਣੀ ਬਿਮਾਰੀ ਦਾ ਹਵਾਲਾ ਦੇ ਕੇ ਉਨ੍ਹਾਂ ਨੂੰ ਸਿਗਰੇਟ ਨਾ ਪੀਣ ਨੂੰ ਕਿਹਾ। ਰਾਹੁਲ ਨੇ ਵੀ ਵਿਰੋਧ ਕੀਤਾ। ਤਿੰਨਾਂ ਨੌਜਵਾਨਾਂ ਨੇ ਮਾਂ, ਪੁੱਤਰ ਤੇ ਨੂੰਹ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਚਿੰਤਾ ਦੇਵੀ ਨੂੰ ਵਧੇਰੇ ਸੱਟਾਂ ਲੱਗੀਆਂ ਅਤੇ ਹਾਲਤ ਵਿਗੜ ਗਈ। ਫੜਿਆ ਗਿਆ ਨੌਜਵਾਨ ਸੋਨੂੰ ਵੀ ਜਲੰਧਰ ਵਿਖੇ ਹੀ ਨੌਕਰੀ ਕਰਦਾ ਹੈ।


◆ Insurance ◆
Punjab Insurance Inc
• Super Visa Insurance
• Life Insurance
• Disability Insurance
• Critical illness Insurance
• Mortgage Insurance
• RRSP (Retirement Plan)
• RESP (Education Plan)
• Visitor Insurance
• Health and Dental Plans..
• Travel Insurance
• Segregated Funds, TFSA



Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

DIXIE
Registered Private Career College
TRUCK & FORKLIFT DRIVING SCHOOL
CLASS A,Z & FORKLIFT TRAINING
Contact Us for Great Results, Early Road Tests & Flexible Timing
- Special Training For Nervous Drivers
- Lady Instructor Available
- One to One Training
Forklift $79
Air Brake
Truck Driving Course
○ Counter Balance ○ Order Picker
○ Raymond Reach ○ Walkie
○ Cheery Picker
AIR BRAKES CLASSES EVERY WED - THURS & SAT - SUN
Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9



BANKRUPTCY, PROPOSAL, R9........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9

# ਸ਼ਾਹਬਾਜ਼ ਸ਼ਰੀਫ ਉੱਤੇ ਭ੍ਰਿਸ਼ਟਾਚਾਰ ਦਾ ਨਵਾਂ ਕੇਸ ਦਰਜ, ਰਿਮਾਂਡ ਵਧਿਆ

ਲਾਹੌਰ, 11 ਨਵੰਬਰ, (ਪੋਸਟ ਬਿਊਰੋ)- ਪਾਕਿਸਤਾਨ ਦੀ ਭ੍ਰਿਸ਼ਟਾਚਾਰ ਰੋਕੂ ਏਜੰਸੀ (ਐੱਨ ਏ ਬੀ) ਨੇ ਸ਼ਨਿਚਰਵਾਰ ਨੂੰ ਵਿਰੋਧੀ ਧਿਰ ਦੇ ਨੇਤਾ ਅਤੇ ਪਾਕਿਸਤਾਨ ਮੁਸਲਿਮ ਲੀਗ (ਐੱਨ) ਦੇ ਮੁਖੀ ਸ਼ਾਹਬਾਜ਼ ਸ਼ਰੀਫ ਨੂੰ ਇਕ ਹੋਰ ਮਾਮਲੇ ਵਿਚ ਗ੍ਰਿਫ਼ਤਾਰ ਕਰਨ ਦੀ ਜਾਣਕਾਰੀ ਦਿੱਤੀ ਹੈ। ਪਹਿਲਾਂ ਤੋਂ ਭ੍ਰਿਸ਼ਟਾਚਾਰ ਦੇ ਕੇਸ ਦੀ ਜਾਂਚ ਦਾ ਸਾਹਮਣਾ ਕਰ ਰਹੇ ਸ਼ਾਹਬਾਜ਼ ਸ਼ਰੀਫ ਦੇ ਰਿਮਾਂਡ ਦੀ ਮਿਆਦ ਵੀ 24 ਨਵੰਬਰ ਤਕ ਵਧਾ ਦਿੱਤੀ ਗਈ ਹੈ।

ਵਰਨਣ ਯੋਗ ਹੈ ਕਿ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਛੋਟੇ ਭਰਾ ਸ਼ਾਹਬਾਜ਼ ਪੰਜਾਬ ਦੇ ਮੁੱਖ ਮੰਤਰੀ ਰਹਿ ਚੁੱਕੇ ਹਨ। ਕੌਮੀ ਜਵਾਬਦੇਹੀ ਬਿਊਰੋ ਨੇ 5 ਅਕਤੂਬਰ ਨੂੰ ਸ਼ਾਹਬਾਜ਼ ਸ਼ਰੀਫ ਨੂੰ ਗ੍ਰਿਫ਼ਤਾਰ ਕੀਤਾ ਸੀ। ਇਹ ਗ੍ਰਿਫ਼ਤਾਰੀ 14 ਅਰਬ ਰੁਪਏ ਦੀ ਆਸ਼ਿਆਨਾ-ਏ-ਇਕਬਾਲ ਹਾਊਸਿੰਗ ਯੋਜਨਾ ਦੇ ਘਪਲੇ ਦੇ ਕੇਸ ਵਿੱਚ ਹੋਈ ਸੀ। ਸ਼ਾਹਬਾਜ਼ ਨੂੰ ਆਸ਼ਿਆਨਾ ਕੇਸ ਵਿਚ ਸੁਣਵਾਈ ਦੇ ਸੰਬੰਧ ਵਿਚ ਲਾਹੌਰ ਦੀ ਵਿਸ਼ੇਸ਼ ਅਦਾਲਤ ਵਿਚ ਪੇਸ਼ ਕੀਤਾ ਗਿਆ ਤਾਂ ਬਿਊਰੋ ਨੇ ਉਸ ਦਾ ਰਿਮਾਂਡ 15 ਦਿਨ ਵਧਾਉਣ ਦੀ ਬੇਨਤੀ ਕੀਤੀ। ਬਿਊਰੋ ਨੇ ਅਦਾਲਤ ਨੂੰ ਦੱਸਿਆ ਕਿ ਸ਼ਾਹਬਾਜ਼ ਦੇ ਖ਼ਿਲਾਫ਼ ਰਮਜਾਨ ਸ਼ੂਗਰ ਮਿੱਲ ਵਿਚ ਗੜਬੜ ਦਾ ਇਕ ਹੋਰ ਕੇਸ ਬਣਿਆ ਹੈ, ਇਸ ਕੇਸ ਵਿਚ ਪੁੱਛਗਿੱਛ ਲਈ ਰਿਮਾਂਡ ਵਧਾਇਆ ਜਾਵੇ। ਸ਼ਾਹਬਾਜ਼ ਦੇ ਵਕੀਲ ਅਹਿਮਦ ਪਰਵੇਜ਼ ਨੇ ਬਿਊਰੋ ਦੀ ਅਰਜ਼ੀ ਵਿਰੁੱਧ ਕਿਹਾ ਕਿ ਉਨ੍ਹਾਂ ਦਾ ਕਲਾਈਂਟ ਇਕ ਮਹੀਨੇ ਤੋਂ ਵੱਧ ਸਮੇਂ ਤੋਂ ਬਿਊਰੋ ਦੇ ਰਿਮਾਂਡ ਵਿਚ ਹੈ। ਇਸ ਦੌਰਾਨ ਲਗਾਤਾਰ ਪੁੱਛਗਿੱਛ ਦੇ ਬਾਵਜੂਦ ਬਿਊਰੋ ਕੋਈ ਦੋਸ਼ ਸਾਬਿਤ ਨਹੀਂ ਕਰ ਸਕਿਆ। ਬਿਊਰੋ ਦੇ ਵਕੀਲ ਵਾਰਿਸ ਅਲੀ ਜੰਜੂਆ ਨੇ ਕਿਹਾ, ਨੈਸ਼ਨਲ ਅਸੈਂਬਲੀ ਦੀ ਬੈਠਕ ਦੇ ਕਾਰਨ ਸ਼ਾਹਬਾਜ਼ ਸ਼ਰੀਫ ਨਾਲ ਗੰਭੀਰਤਾ ਨਾਲ ਪੁੱਛਗਿੱਛ ਨਹੀਂ ਹੋ ਸਕੀ, ਇਸ ਲਈ ਹੋਰ ਸਮਾਂ ਚਾਹੀਦਾ ਹੈ। ਅਦਾਲਤ ਨੇ ਬਿਊਰੋ ਦੀ ਅਰਜ਼ੀ ਨੂੰ ਮੰਨ ਕੇ ਸ਼ਾਹਬਾਜ਼ ਸ਼ਰੀਫ ਦਾ ਰਿਮਾਂਡ 24 ਨਵੰਬਰ ਤਕ ਵਧਾ ਦਿੱਤਾ। ਇਸ ਦੌਰਾਨ ਸ਼ਾਹਬਾਜ਼ ਸ਼ਰੀਫ ਦੇ ਪੁੱਤਰ ਸਲਮਾਨ ਦੀ ਗ਼ੈਰ-ਹਾਜ਼ਰੀ ਵਿਚ ਉਸ ਦੇ ਖ਼ਿਲਾਫ਼ ਲਾਹੌਰ ਅਦਾਲਤ ਵਿਚ ਸੁਣਵਾਈ ਜਾਰੀ ਹੈ। ਸਲਮਾਨ ਸ਼ਰੀਫ ਅੱਜ ਕੱਲ੍ਹ ਲੰਡਨ ਵਿਚ ਹੈ।

# ਕੈਲੀਫੋਰਨੀਆ ਦੇ ਜੰਗਲ ਵਿੱਚ ਅੱਗ ਕਾਰਨ ਨੌਂ ਲੋਕਾਂ ਦੀ ਮੌਤ



ਸਾਨਫਰਾਂਸਿਸਕੋ, 11 ਨਵੰਬਰ (ਪੋਸਟ ਬਿਊਰੋ)- ਦੱਖਣੀ ਕੈਲੇਫੋਰਨੀਆ ਦੇ ਜੰਗਲਾਂ ਵਿੱਚ ਅੱਗ ਦੀਆਂ ਦੋ ਘਟਨਾਵਾਂ ਵਿੱਚ ਨੌਂ ਲੋਕਾਂ ਦੀ ਮੌਤ ਹੋ ਗਈ ਅਤੇ ਪੂਰੇ ਮਾਲਿਬੂ ਸ਼ਹਿਰ ਸਹਿਤ ਹਜ਼ਾਰਾਂ ਲੋਕਾਂ ਨੂੰ ਸ਼ਹਿਰ ਛੱਡਣ ਲਈ ਮਜਬੂਰ ਹੋਣਾ ਪਿਆ ਹੈ। ਮਾਲਿਬੂ 'ਚ ਹਵਾਈ ਫੌਜ ਦਾ ਅੱਡਾ ਅਤੇ ਕਈ ਹਾਲੀਵੁੱਡ ਹਸਤੀਆਂ ਦੇ ਘਰ ਹਨ।

ਤੇਜ਼ ਹਵਾਵਾਂ ਅਤੇ ਖੁਸ਼ਕ ਮੌਸਮ ਕਾਰਨ ਅੱਗ ਨੇ ਪਹਾੜੀ ਕਸਬੇ ਨੂੰ ਆਪਣੀ ਲਪੇਟ 'ਚ ਲੈ ਲਿਆ ਅਤੇ ਇਸ ਦੀ ਵਜ੍ਹਾ ਨਾਲ ਸ਼ਹਿਰ ਦੇ ਲੋਕਾਂ ਨੂੰ ਆਪਣੇ ਘਰ ਛੱਡਣ ਲਈ ਮਜਬੂਰ ਹੋਣਾ ਪਿਆ। ਦੱਖਣੀ ਕੈਲੀਫੋਰਨੀਆ ਦੀ ਅੱਗ ਨੂੰ ਕੈਂਪ ਫਾਇਰ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਤੇਜ਼ੀ ਨਾਲ ਫੈਲੀ ਅੱਗ ਨੇ 22 ਵਰਗ ਮੀਲ ਦੇ ਖੇਤਰ ਨੂੰ ਆਪਣੀ ਲਪੇਟ 'ਚ ਲੈ ਲਿਆ ਹੈ। ਵਾਸ਼ਿੰਗਟਨ ਪੋਸਟ ਦੀ ਰਿਪੋਰਟ ਅਨੁਸਾਰ ਅੱਗ ਤੇਜ਼ੀ ਨਾਲ ਫੈਲਦੀ ਹੋਈ ਅੱਠ ਲੇਨ ਦੇ 101 ਹਾਈਵੇ ਨੂੰ ਪਾਰ ਕਰ ਕੇ ਸਾਂਤਾ ਮਾਨਿਕਾ ਪਰਬਤ ਦੇ ਮਾਲਿਬੂ ਇਲਾਕੇ 'ਚ ਫੈਲ ਗਈ। ਇਥੇ ਇਸ ਨੇ ਘਰਾਂ ਤੇ ਕਾਰਾਂ ਨੂੰ ਲਪੇਟ 'ਚ ਲੈ ਲਿਆ। ਸੂਬੇ ਦੇ ਉਤਰੀ ਭਾਗ 'ਚ ਹਾਲਾਤ ਇਸ ਤੋਂ ਵੀ ਬੁਰੇ ਹਨ। ਅੱਗ ਨਾਲ ਨੌਂ ਲੋਕਾਂ ਦੀ ਘਰਾਂ ਕੋਲ ਅਤੇ ਗੱਡੀਆਂ 'ਚ ਮੌਤ ਹੋ ਗਈ। ਉਹ ਕੈਂਪ ਫਾਇਰ ਤੋਂ ਬਚਣ ਦੀ ਕੋਸ਼ਿਸ਼ 'ਚ ਮਾਰੇ ਗਏ। ਇਹ ਅੱਗ ਵੀਰਵਾਰ ਸਵੇਰ ਫੈਲੀ, ਜਿਸ ਨਾਲ ਪੈਰਾਡਾਇਜ਼ ਦੇ ਪਰਬਤੀ ਕਸਬੇ 'ਚ ਤਬਾਹੀ ਹੋਈ। ਇਹ ਸੂਬੇ ਦੀ ਰਾਜਧਾਨੀ ਸੈਕਰਾਮੈਂਟੋ ਤੋਂ 90 ਮੀਲ

# ਰਿਜ਼ਰਵ ਬੈਂਕ ਦੇ ਸਾਬਕਾ ਮੁਖੀ ਨੇ ਕਿਹਾ: ਨੋਟਬੰਦੀ ਅਤੇ ਜੀ ਐਸ ਟੀ ਨੇ ਵਿਕਾਸ ਰੋਕਿਆ



ਵਾਸ਼ਿੰਗਟਨ, 11 ਨਵੰਬਰ, (ਪੋਸਟ ਬਿਊਰੋ)- ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਦੀ ਸਮਝ ਹੈ ਕਿ ਭਾਰਤ ਵਿਚ ਸਿਆਸੀ ਫ਼ੈਸਲਿਆਂ ਵਿਚ ਬੇਲੋੜਾ ਕੇਂਦਰੀਕਰਨ ਬਹੁਤ ਵਧ ਗਿਆ ਹੈ। ਉਨ੍ਹਾਂ ਸਰਦਾਰ ਪਟੇਲ ਦੇ ਬੁੱਤ 'ਸਟੈਚੂ ਆਫ ਯੂਨਿਟੀ' ਪ੍ਰਾਜੈਕਟ ਦੇ ਉਦਘਾਟਨ ਦਾ ਹਵਾਲਾ ਦਿੰਦਿਆਂ ਕਿਹਾ ਕਿ ਏਦਾਂ ਦੇ ਕੰਮ ਲਈ ਪ੍ਰਧਾਨ ਮੰਤਰੀ ਦੇ ਦਫ਼ਤਰ ਤੋਂ ਪ੍ਰਵਾਨਗੀ ਲੈਣ ਦੀ ਲੋੜ ਪੈ ਗਈ, ਜਿਹੜਾ ਰਾਜ ਪੱਧਰ ਉੱਤੇ ਹੋ ਸਕਦਾ ਸੀ।

ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੇ ਵਿਚ ਭਾਰਤ ਦੇ ਭਵਿੱਖ ਬਾਰੇ ਭੱਟਾਚਾਰੀਆ ਲੈਕਚਰਸ਼ਿਪ ਭਾਸ਼ਣ ਦਿੰਦੇ ਹੋਏ ਰਘੂਰਾਮ ਰਾਜਨ ਨੇ ਕਿਹਾ, 'ਦੇਸ਼ ਕੇਂਦਰ ਤੋਂ ਨਹੀਂ ਚਲਾਇਆ ਜਾਂਦਾ। ਦੇਸ਼ ਓਦੋਂ ਕੰਮ ਕਰਦਾ ਹੈ, ਜਦੋਂ ਬਹੁਤ ਸਾਰੇ ਲੋਕ ਜ਼ਿੰਮੇਵਾਰੀ ਲੈਂਦੇ ਹਨ। ਇਸ ਵੇਲੇ ਕੇਂਦਰ ਸਰਕਾਰ ਨੇ ਬਹੁਤ ਜ਼ਿਆਦੇ ਅਧਿਕਾਰ ਆਪਣੇ ਹੱਥ ਲੈ ਲਏ ਹਨ।' ਫ਼ੈਸਲੇ ਲੈਣ ਵਿਚ ਪ੍ਰਧਾਨ ਮੰਤਰੀ ਦਫਤਰ (ਪੀ ਐਮ ਓ) ਦੇ ਦਖ਼ਲ ਵੱਲ ਧਿਆਨ ਦਿਵਾਉਂਦੇ ਹੋਏ ਉਨ੍ਹਾਂ ਨੇ ਕਿਹਾ ਕਿ ਹੇਠਾਂ ਕੋਈ ਫ਼ੈਸਲਾ ਲੈਣ ਲਈ ਤਿਆਰ ਹੀ ਨਹੀਂ, ਜਦੋਂ ਤੱਕ ਉਪਰੋਂ ਝੰਡੀ ਨਹੀਂ ਹੁੰਦੀ। ਪ੍ਰਧਾਨ ਮੰਤਰੀ ਬਹੁਤ ਮਿਹਨਤੀ ਹਨ ਤੇ ਰੋਜ਼ 18 ਘੰਟੇ ਕੰਮ ਕਰਦੇ ਹਨ, ਜਿਸ ਦਾ ਭਾਵ ਹੈ ਕਿ ਸਿਰਫ ਉਨ੍ਹਾਂ ਕੋਲ ਹੀ ਇੰਨਾ ਕੰਮ ਹੁੰਦਾ ਹੈ।

ਆਰਥਿਕ ਹਾਲਾਤ ਬਾਰੇ ਰਘੂਰਾਮ ਰਾਜਨ ਨੇ ਕਿਹਾ ਕਿ ਨੋਟਬੰਦੀ ਅਤੇ ਜੀ ਐਸ ਟੀ ਦੋ ਪ੍ਰਮੁੱਖ ਕਾਰਨ ਸਨ, ਜਿਨ੍ਹਾਂ ਨਾਲ ਪਿਛਲੇ ਸਾਲ ਭਾਰਤ ਦੀ ਆਰਥਿਕ ਤਰੱਕੀ ਰੁਕੀ ਸੀ। ਉਨ੍ਹਾਂ ਕਿਹਾ ਕਿ ਅੱਜ ਦੀ ਸੱਤ ਫ਼ੀਸਦੀ ਆਰਥਿਕ ਵਿਕਾਸ ਭਾਰਤ ਦੀਆਂ ਲੋੜਾਂ ਪੂਰੀਆਂ ਕਰਨ ਨੂੰ ਕਾਫ਼ੀ ਨਹੀਂ। ਸਾਲ 2012 ਤੋਂ 2016 ਤੱਕ ਭਾਰਤ ਚੋਖੀ ਰਫ਼ਤਾਰ ਨਾਲ ਆਰਥਿਕ ਵਿਕਾਸ ਕਰ ਰਿਹਾ ਸੀ, ਜਦੋਂ ਦੋ ਵਿਰੋਧੀ ਹਵਾਵਾਂ ਨੇ ਇਸ ਨੂੰ ਰੋਕ ਲਿਆ। ਉਨ੍ਹਾਂ ਕਿਹਾ, 'ਦਿਲਚ-ਸਪ ਗੱਲ ਸੀ ਕਿ ਭਾਰਤ ਵਿਚ ਵਿਕਾਸ ਓਦੋਂ ਮੱਠਾ ਪਿਆ, ਜਦੋਂ ਸੰਸਾਰ ਅਰਥਚਾਰਾ ਉਭਰ ਰਿਹਾ ਸੀ। ਭਾਰਤੀ ਅਰਥਚਾਰੇ ਨੇ ਦੋਬਾਰਾ ਰਫ਼ਤਾਰ ਫੜਨੀ ਸ਼ੁਰੂ ਕੀਤੀ ਤਾਂ ਤੇਲ ਕੀਮਤਾਂ ਦਾ ਮੁੱਦਾ ਉੱਭਰ ਗਿਆ ਹੈ।' ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਾਜਨ ਨੇ ਕਿਹਾ ਕਿ ਆਪਣੀਆਂ ਲੋੜਾਂ ਲਈ ਤੇਲ ਇੰਪੋਰਟ ਉੱਤੇ ਭਾਰਤ ਦੀ ਬਹੁਤ ਜ਼ਿਆਦਾ ਨਿਰਭਰਤਾ ਹੈ।

# ਚੀਨ ਨੇ ਕਿਹਾ, ਦੱਖਣੀ ਚੀਨ ਸਾਗਰ ਦਾ ਫੌਜੀਕਰਨ ਮਨਜ਼ੂਰ ਨਹੀਂ

ਵਾਸ਼ਿੰਗਟਨ, 11 ਨਵੰਬਰ (ਪੋਸਟ ਬਿਊਰੋ)- ਚੀਨ ਸਰਕਾਰ ਨੇ ਕੱਲੀ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਉਸ ਨੂੰ ਦੱਖਣੀ ਚੀਨ ਸਾਗਰ ਵਿੱਚ ਸਮੁੰਦਰੀ ਆਵਾਜਾਈ ਦੀ ਸੁਤੰਤਰਤਾ ਨਾਲ ਕੋਈ ਸਮੱਸਿਆ ਨਹੀਂ, ਪਰ ਇਸ ਦੇ ਨਾਂਅ 'ਤੇ ਕਿਸੇ ਦੇਸ਼ ਨੂੰ ਇਸ ਖੇਤਰ 'ਚ ਫੌਜੀਕਰਨ ਨਹੀਂ ਕਰਨ ਦਿੱਤਾ ਜਾ ਸਕਦਾ।

ਵਰਨਣ ਯੋਗ ਹੈ ਕਿ ਚੀਨ ਲਗਭਗ ਪੂਰੇ ਦੱਖਣੀ ਚੀਨ ਸਾਗਰ ਉੱਤੇ ਆਪਣੇ ਹੱਕ ਦਾ ਦਾਅਵਾ ਕਰਦਾ ਹੈ ਤੇ ਉਹ ਇਸ ਖੇਤਰ ਵਿੱਚ ਅਮਰੀਕੀ ਸਮੁੰਦਰੀ ਆਵਾਜਾਈ ਅਤੇ ਹਵਾਈ ਗਸ਼ਤ ਕਰਨ ਤੋਂ ਨਾਖੁਸ਼ ਹੈ। ਵੀਅਤਨਾਮ, ਫਿਲਪੀਨ, ਮਲੇਸ਼ੀਆ, ਬਰੂਨੇਈ ਅਤੇ ਤਾਇਵਾਨ ਦੇ ਵੀ ਇਸ ਖੇਤਰ 'ਤੇ ਆਪੋ ਆਪਣੇ ਦਾਅਵੇ ਹਨ। ਸਤੰਬਰ 'ਚ ਚੀਨੀ ਜੰਗੀ ਬੇੜੇ ਅਤੇ ਅਮਰੀਕੀ ਜੰਗੀ ਬੇੜੇ ਵਿਵਾਦਤ ਖੇਤਰ ਵਿੱਚ ਲਗਭਗ ਆਹਮੋ ਸਾਹਮਣੇ ਆ ਗਏ ਸਨ।

ਕੱਲ੍ਹ ਇੱਕ ਪ੍ਰੈੱਸ ਕਾਨਫਰੰਸ ਵਿੱਚ ਚੀਨ ਦੇ ਸਟੇਟ ਕੌਂਸਲਰ ਯਾਂਗ ਜਿਏਚੀ ਨੇ ਸਾਫ ਕੀਤਾ ਕਿ ਚੀਨ ਖੇਤਰ ਵਿੱਚ ਬਾਹਰੀ ਖਤਰਿਆਂ ਦਾ ਸਾਹਮਣਾ ਕਰਨ ਲਈ ਸਿਰਫ ਕੁਝ ਸੁਰੱਖਿਆ ਸਹੂਲਤਾਂ ਦੀ ਉਸਾਰੀ ਕਰ ਰਿਹਾ ਹੈ। ਜ਼ਿਆਦਾਤਰ ਉਸਾਰੀ ਨਾਗਰਿਕ ਸਹੂਲਤਾਂ ਹਨ, ਜਿਨ੍ਹਾਂ ਦਾ ਕੰਮ ਚੀਨੀ ਲੋਕਾਂ ਦੇ ਹਿੱਤ ਤੇ ਹੋਰਨਾਂ ਨੂੰ ਜਨਤਕ ਵਸਤਾਂ ਹਾਸਲ ਕਰਵਾਉਣ ਲਈ ਕੀਤਾ ਗਿਆ ਹੈ। ਪ੍ਰੈੱਸ ਕਾਨਫਰੰਸ ਵਿੱਚ ਚੀਨ ਦੇ ਰੱਖਿਆ ਮੰਤਰੀ ਵੇਈ ਫੇਂਗਹੀ ਤੋਂ ਇਲਾਵਾ ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੋਂਪੀਓ ਅਤੇ ਅਮਰੀਕੀ ਰੱਖਿਆ ਮੰਤਰੀ ਜਿਮ ਮੈਟਿਸ ਵੀ ਮੌਜੂਦ ਸਨ। ਜਿਮ ਮੈਟਿਸ ਨੇ ਸਾਫ ਕਿਹਾ ਕਿ ਅਮਰੀਕਾ ਕੌਮਾਂਤਰੀ ਕਾਨੂੰਨ ਤੇ ਕੌਮਾਂਤਰੀ ਸਮੁੰਦਰੀ ਨਿਯਮਾਂ ਦਾ ਸਖਤੀ ਨਾਲ ਪਾਲਣ ਕਰਦਾ ਹੈ। ਇਸ ਲਈ ਕੌਮਾਂਤਰੀ ਨਿਯਮ ਜਿੱਥੇ ਵੀ ਇਜਾਜ਼ਤ ਦਿੰਦੇ ਹਨ, ਉਹ ਉਥੇ ਆਪਣੀਆਂ ਉਡਾਣਾਂ ਅਤੇ ਸਮੁੰਦਰੀ ਆਵਾਜਾਈ ਜਾਰੀ ਰੱਖਣਗੇ। ਇਸ ਸੰਬੰਧ ਵਿੱਚ ਇਸ ਮਹੀਨੇ ਦੇ ਅੰਤ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਾਲੇ ਹੋਣ ਵਾਲੀ ਬੈਠਕ ਦੀਆਂ ਤਿਆਰੀਆਂ ਦੇ ਸਿਲਸਿਲੇ ਵਿੱਚ ਚੀਨੀ ਮੰਤਰੀ ਇਸ ਵੇਲੇ ਅਮਰੀਕਾ ਵਿੱਚ ਹਨ।

# ਸ਼ਰਾਰਤੀ ਤੱਤਾਂ ਵੱਲੋਂ 'ਵਿਸ਼ਵ ਜੰਗ ਦੇ ਸ਼ੇਰ' ਯਾਦਗਾਰ ਨੂੰ ਨੁਕਸਾਨ ਪੁਚਾਉਣ ਦੀ ਕੋਸ਼ਿਸ਼



ਲੰਡਨ, 11 ਨਵੰਬਰ (ਪੋਸਟ ਬਿਊਰੋ)- ਵਿਸ਼ਵ ਜੰਗਾਂ ਵਿੱਚ ਸ਼ਹਾਦਤਾਂ ਦੇਣ ਵਾਲੇ ਸਿੱਖ ਫੌਜੀਆਂ ਨੂੰ ਸਮਰਪਿਤ ਯਾਦਗਾਰ ਨੂੰ ਕੁਝ ਸ਼ਰਾਰਤੀ ਅਨਸਰਾਂ ਨੇ ਨੁਕਸਾਨ ਪੁਚਾਉਣ ਦੀ ਕੋਸ਼ਿਸ਼ ਕੀਤੀ ਹੈ। ਕੱਲ੍ਹ ਸ਼ਾਮ ਸਿੱਖ ਫੌਜੀ ਦੇ ਬੁੱਤ ਹੇਠ ਅੰਗਰੇਜ਼ੀ 'ਚ ਲਿਖੇ ਗਏ 'ਲਾਇਨਜ਼ ਆਫ ਦਾ ਗਰੇਟ ਵਾਰ' ਸ਼ਬਦਾਂ ਉੱਤੇ ਕਾਲੇ ਰੰਗ ਦੀ ਲਕੀਰ ਵਾਹ ਕੇ ਅੱਗੇ ਸਿਪਾਹੀ 'ਨੋ ਮੋਰ' ਅਤੇ 'ਲਾਇਨ' ਸ਼ਬਦ ਰੱਖ ਕੇ ਅੱਗੇ 'ਜਰਨੈਲ' ਲਿਖ ਦਿੱਤਾ ਹੈ।

ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੇ ਸਾਹਮਣੇ ਬਣੀ ਇਹ ਯੂ ਕੇ ਦੀ ਅੱਜ ਤੱਕ ਦੀ ਸਭ ਤੋਂ ਵੱਡੀ ਯਾਦਗਾਰ ਹੈ, ਜਿਹੜੀ ਸਿੱਖ ਫੌਜੀਆਂ ਨੂੰ ਸਮਰਪਿਤ ਹੈ। ਇਸ ਹਰਕਤ ਤੋਂ ਸਿੱਖ ਭਾਈਚਾਰਾ ਪੂਰੇ ਗੁੱਸੇ ਵਿੱਚ ਹੈ। ਗੁਰੂ ਘਰ ਦੇ ਪ੍ਰਧਾਨ ਜਤਿੰਦਰ ਸਿੰਘ ਨੇ ਕਿਹਾ ਕਿ ਇਹ ਉਨ੍ਹਾਂ ਬਹਾਦਰਾਂ ਨੂੰ ਸਮਰਪਿਤ ਯਾਦਗਾਰ ਹੈ, ਜੋ ਹਜ਼ਾਰਾਂ ਮੀਲ ਦੂਰ ਆ ਕੇ ਉਸ ਦੇਸ਼ ਲਈ ਲੜੇ, ਜੋ ਉਨ੍ਹਾਂ ਦਾ ਆਪਣਾ ਨਹੀਂ ਸੀ। ਇਨ੍ਹਾਂ ਯੋਧਿਆਂ ਸਦਕਾ ਅੱਜ ਬ੍ਰਿਟੇਨ ਆਜ਼ਾਦੀ ਦਾ ਨਿੱਘ ਮਾਣਦਾ ਹੈ। ਇਹ ਯਾਦਗਾਰ ਇਸ ਦਾ ਅਹਿਸਾਸ ਦਿਵਾਉਂਦੀ ਹੈ ਕਿ ਉਨ੍ਹਾਂ ਯੋਧਿਆਂ ਨੂੰ ਭੁਲਾਇਆ ਨਹੀਂ ਜਾ ਸਕਦਾ। ਇਹ ਬੁੱਤ ਸਿੱਖ ਅਤੇ ਬ੍ਰਿਟਿਸ਼ ਹੋਣ 'ਤੇ ਮਾਣ ਮਹਿਸੂਸ ਕਰਾਉਂਦਾ ਹੈ। ਉਨ੍ਹਾਂ ਇਸ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਉਹ ਅੱਗੇ ਤੋਂ ਇਸ ਥਾਂ ਉੱਤੇ ਸੀ ਸੀ ਟੀ ਵੀ ਕੈਮਰੇ ਲਾਉਣ 'ਤੇ ਵਿਚਾਰ ਕਰ ਰਹੇ ਹਨ।

# 43 ਸਾਲ ਦੀ ਸੂ ਰੈਡਫੋਰਡ ਨੇ 21ਵੇਂ ਬੱਚੇ ਨੂੰ ਵੀ ਜਨਮ ਦੇ ਦਿੱਤੈ



ਲੰਡਨ, 11 ਨਵੰਬਰ (ਪੋਸਟ ਬਿਊਰੋ)- ਅੱਜ ਕੱਲ੍ਹ ਜਦੋਂ ਲੋਕ ਇਕ ਜਾਂ ਦੋ ਬੱਚਿਆਂ ਨੂੰ ਜਨਮ ਦੇਣਾ ਸਹੀ ਸਮਝਦੇ ਹਨ, ਓਦੋਂ ਲੰਡਨ ਵਿਚ ਇਕ ਪਰਿਵਾਰ ਅਜਿਹਾ ਵੀ ਸਾਹਮਣੇ ਆਇਆ ਹੈ, ਜਿਸ ਵਿਚ ਇਕ-ਦੋ ਨਹੀਂ, 20 ਬੱਚੇ ਹਨ। ਪਿੱਛੇ ਜਿਹੇ ਇਸ ਪਰਿਵਾਰ ਵਿਚ 21ਵੇਂ ਬੱਚੇ ਦਾ ਜਨਮ ਹੋਇਆ ਹੈ।

ਸੂ ਰੈਡਫੋਰਡ ਨਾਮ ਦੀ ਬ੍ਰਿਟਿਸ਼ ਮਹਿਲਾ ਨੇ 43 ਸਾਲ ਦੀ ਉਮਰ ਵਿਚ 21ਵੇਂ ਬੱਚੇ ਨੂੰ ਜਨਮ ਦਿੱਤਾ ਹੈ। ਇਸ ਦੇ ਜਨਮ ਪਿੱਛੋਂ ਰੈਡਫੋਰਡ ਪਰਿਵਾਰ ਬਾਕਾਇਦਾ ਬ੍ਰਿਟੇਨ ਦਾ ਸਭ ਤੋਂ ਵੱਡਾ ਪਰਿਵਾਰ ਬਣ ਗਿਆ ਹੈ। ਬ੍ਰਿਟੇਨ ਦੀ ਮੀਡੀਆ ਤੇ ਸੋਸ਼ਲ ਮੀਡੀਆ ਵਿਚ ਇਹ ਪਰਿਵਾਰ ਚਰਚਾ ਵਿਚ ਹੈ। 21ਵੇਂ ਬੱਚੇ ਦੇ ਜਨਮ ਦੇ ਬਾਅਦ 43 ਸਾਲਾ 'ਸੁਪਰ ਮੌਮ' ਸੂ ਰੈਡਫੋਰਡ ਦਾ ਕਹਿਣਾ ਹੈ ਕਿ ਇਹ ਉਨ੍ਹਾਂ ਦਾ ਆਖਰੀ ਬੱਚਾ ਹੈ। ਉਨ੍ਹਾਂ ਦੇ ਦਾਅਵੇ 'ਤੇ ਯਕੀਨ ਕਰਨਾ ਔਖਾ ਹੈ, ਕਿਉਂਕਿ ਇਕ ਸਾਲ ਪਹਿਲਾਂ ਵੀ ਉਨ੍ਹਾਂ ਨੇ ਇਹੋ ਕਿਹਾ ਸੀ। ਸੂ ਰੈਡਫੋਰਡ ਨੇ ਬੇਟੀ ਬੋਨੀ ਨੂੰ ਜਨਮ ਦਿੱਤਾ ਹੈ। ਉਸ ਦੇ ਪਤੀ ਨੋਏਲ ਤੋਂ ਇਹ ਉਸ ਦਾ 21ਵਾਂ ਬੱਚਾ ਹੈ ਤੇ ਦੋਵਾਂ ਨੇ ਕਿਹਾ ਹੈ ਕਿ ਇਸ ਤੋਂ ਬਾਅਦ ਉਨ੍ਹਾਂ ਦਾ ਹੋਰ ਬੱਚਾ ਨਹੀਂ ਹੋਵੇਗਾ।

ਮਿਲੀ ਜਾਣਕਾਰੀ ਅਨੁਸਾਰ ਇਸ ਜੋੜੇ ਦਾ ਪਹਿਲਾ ਬੱਚਾ ਕ੍ਰਿਸ 28 ਸਾਲ ਪਹਿਲਾਂ ਪੈਦਾ ਹੋਇਆ ਸੀ। ਉਸ ਸਮੇਂ ਸੂ ਦੀ ਉਮਰ ਸਿਰਫ 14 ਸਾਲ ਸੀ। ਨਵੇਂ ਬੱਚੇ ਦਾ ਜਨਮ ਬੀਤੇ ਮੰਗਲਵਾਰ ਨੂੰ ਰੋਇਲ ਲੰਕਾਸਟਰ ਇੰਫਮਰੀ ਵਿਚ ਸ਼ਾਮ ਨੂੰ ਹੋਇਆ। ਇਸ ਪਰਿਵਾਰ ਦੇ 14 ਬੱਚਿਆਂ ਦਾ ਜਨਮ ਵੀ ਏਥੇ ਹੋਇਆ ਸੀ। 43 ਸਾਲ ਦੀ ਸੂ ਰੈਡਫੋਰਡ ਨੇ ਇਸ ਤੋਂ ਪਹਿਲਾਂ ਸਤੰਬਰ 2017 ਵਿਚ ਬੱਚੇ ਨੂੰ ਜਨਮ ਦਿੱਤਾ ਸੀ। ਓਦੋਂ ਸੂ ਨੇ ਕਿਹਾ ਸੀ ਕਿ ਇਹ ਉਨ੍ਹਾਂ ਦਾ ਆਖਰੀ ਬੱਚਾ ਹੈ। ਬੀਤੇ ਮਈ ਵਿਚ ਇਕ ਯੂ-ਟਿਊਬ ਵੀਡੀਓ ਵਿਚ ਉਸ ਨੇ ਐਲਾਨ ਕੀਤਾ ਕਿ ਉਹ ਫਿਰ ਗਰਭਵਤੀ ਹੈ ਅਤੇ ਨਵਾਂ ਬੱਚਾ ਆਉਣ ਦੀ ਖੁਸ਼ੀ ਜ਼ਾਹਰ ਕਰਦਿਆਂ ਉਸ ਨੇ ਕਿਹਾ, 'ਮੇਰੇ ਸਾਰੇ ਬੱਚੇ ਇਸ ਨਵਜੰਮੇ ਬੱਚੇ ਨੂੰ ਗੋਦ ਵਿਚ ਲੈਣ ਲਈ ਲੜ ਰਹੇ ਹਨ। ਇਹ ਇਕ ਪਿਆਰਾ ਪਲ ਹੈ, ਜਦੋਂ ਤੁਸੀਂ ਨਵਜੰਮੇ ਬੱਚੇ ਨੂੰ ਘਰ ਲਿਆਉਂਦੇ ਹੋ ਅਤੇ ਹੋਰ ਸਾਰੇ ਉਸ ਨੂੰ ਚੁੱਕਣ ਲਈ ਉਤਸ਼ਾਹਿਤ ਹੁੰਦੇ ਹਨ।' ਭਵਿੱਖ ਦੀ ਯੋਜਨਾ ਬਾਰੇ ਸੂ ਨੇ ਕਿਹਾ, 'ਅਸੀਂ ਦੋਵਾਂ ਨੇ ਫੈਸਲਾ ਕੀਤਾ ਹੈ ਕਿ ਅਸੀਂ ਹੋਰ ਬੱਚਾ ਨਹੀਂ ਚਾਹੁੰਦੇ। ਬੋਨੀ ਨੇ ਸਾਡਾ ਪਰਿਵਾਰ ਪੂਰਾ ਕਰ ਦਿੱਤਾ ਹੈ।' ਸੂ ਦੇ 47 ਸਾਲਾ ਪਤੀ ਨੋਏਲ ਨੇ ਕਿਹਾ, 'ਮੈਨੂੰ ਨਹੀਂ ਲੱਗਦਾ ਕਿ ਕੋਈ ਇਹ ਸੋਚਦਾ ਹੋਵੇਗਾ ਕਿ ਉਨ੍ਹਾਂ ਦੇ 21 ਬੱਚੇ ਹੋਣਗੇ। ਅਸੀਂ ਵੀ ਸੋਚਿਆ ਸੀ ਕਿ ਸਾਡੇ ਸਿਰਫ 3 ਬੱਚੇ ਹੋਣਗੇ।' ਸੂ ਰੈਡਫੋਰਡ ਨੇ ਕਿਹਾ ਕਿ ਪਰਿਵਾਰ ਲਈ ਘਰ ਨੂੰ 10 ਬੈੱਡਰੂਮ ਵਾਲੇ ਘਰ ਵਿਚ ਬਦਲਿਆ ਗਿਆ ਤੇ ਇਸ ਦੇ ਬਾਵਜੂਦ ਘਰ ਛੋਟਾ ਪੈਂਦਾ ਹੈ। ਸਾਰੇ ਮੈਂਬਰ ਪਿਆਰ ਨਾਲ ਇਕੱਠੇ ਰਹਿੰਦੇ ਹਨ। ਸੂ ਰੈਡਫੋਰਡ ਆਪਣੇ ਬੱਚਿਆਂ ਅਤੇ ਪੋਤੇ-ਪੋਤੀਆਂ ਨਾਲ ਖੇਡਣ ਲਈ ਤਿਆਰ ਹੈ। ਉਨ੍ਹਾਂ ਦੇ 3 ਬੱਚਿਆਂ ਦਾ ਵਿਆਹ ਹੋ ਚੁੱਕਾ ਹੈ ਤੇ ਉਨ੍ਹਾਂ ਦੇ ਵੀ ਬੱਚੇ ਹਨ।

Honesty, Reliability, Commitment
HomeLife SilverCity
"Open House Until Sold"
○ 1 yr Home Warranty
○ 40% Discount on Brand Name
○ Appliances & Furniture
○ Free Evaluation & Lowest Commission
Hira Randhawa
Broker
www.hirarandhawa.com | hirarandhawa@yahoo.ca
For all your Real Estate needs: 416.319.0551 or 905.913.8585

$739,900 — Morning Star/Airport — Great Opportunity For 1st Time Buyers. Newly Renovated W/Granite Counter Top, S/S Appliances, Range Hood, No Carpet In The House, Close To School, 421/401, Westwood Mall, 2 Basement Apartment. Potential Income Of $1800/Month From Bsmnt.
$619,000 — Wanless & Mclaughlin — Just One And Half Year New, 3 Bedroom Semi-Detached Home In Great Location With Double Door Entry. Modern Kitchen With SS Appliances, Family Room With W/O Balcony, Upgraded Bathroom Cabinets. Close To All Amenities
$615,000 — Hwy 10/ Sandalwood — A Detach Family Home Located In Desirable Neighbourhood Of Loafer Lake. This Home Offers 4 Generous Size Bedrooms,3 Washrooms, Finished Bsmnt With 2 More Bedroom, Hardwood Floors, Close To All Amenities.
$699,900 — Chinguacousy/Queen — Magnificent Beauty Has Plenty To Offer Located In A Very Demanding Area. Double Door Main Entry, Separate Living Room, Separate Family Room, Beautiful Kitchen And Bedroom With 9' Feet Ceiling, Master Br Has 5Pc...

Supervisa, Travel Insurance
Call: 416.319.0551

A/Z Drivers Needed/ਡਰਾਈਵਰਾਂ ਦੀ ਲੋੜ
➡ Team Drivers Needed Immediately
➡ Dedicated AutoPart Runs To Texas, Missouri, Kansas
➡ Permanent Schedule for whole year
➡ Always Go to same Shippers No Waiting at All
➡ Highest Pay Rate Package Plus HST
➡ New Model Volvo Trucks
➡ Paid Every Week On Friday
➡ 20,000 to 24,00 Miles in a Month
➡ Always Home At Weekends
➡ Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344

MICHELIN | Hankook | Continental | ROADLUX | BFGoodrich | AEOLUS
BEST TRUCK REPAIR & TIRE CENTRE
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਦੀ ਭਾਰੀ ਸੇਲ
We also Specialize in Engine, Transmission, Differential Rebuild, Safety Inspection & All Kinds of Electric Work
SPECIAL ON TRUCK ALIGNMENT | BRAND NEW MACHINES 2018
Brake & Drum - On Special Sale! -Made in U.S
4 CAT Batteries $500 on Special Sale
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਬੇਟੇ ਅਤੇ ਬੀਮਾ ਕੰਪਨੀ ਨੂੰ 36 ਲੱਖ ਰੁਪਏ ਮੁਆਵਜ਼ਾ ਰਕਮ ਦੇਣ ਦਾ ਹੁਕਮ



ਚੰਡੀਗੜ੍ਹ, 11 ਨਵੰਬਰ (ਪੋਸਟ ਬਿਊਰੋ)- ਸੜਕ ਹਾਦਸੇ ਦੌਰਾਨ ਹੋਈ ਮੌਤ ਦੇ ਇੱਕ ਕੇਸ ਵਿੱਚ ਮੋਟਰ ਐਕਸੀਡੈਂਟ ਕਲੇਮ ਟ੍ਰਿਬਿਊਨਲ ਨੇ ਡੇਰਾਬੱਸੀ ਦੇ ਗੁਰਪ੍ਰੀਤ ਸਿੰਘ ਦੇ ਖਿਲਾਫ ਫੈਸਲਾ ਦਿੱਤਾ ਹੈ। ਟ੍ਰਿਬਿਊਨਲ ਨੇ ਗੁਰਪ੍ਰੀਤ ਸਿੰਘ ਅਤੇ ਨੈਸ਼ਨਲ ਇੰਸ਼ੋਰੈਂਸ ਕੰਪਨੀ ਨੂੰ 36 ਲੱਖ 31 ਹਜ਼ਾਰ 074 ਰੁਪਏ ਦਾ ਕਲੇਮ ਭਰਨ ਦੇ ਹੁਕਮ ਦਿੱਤੇ ਹਨ।

ਮਿਲੀ ਜਾਣਕਾਰੀ ਅਨੁਸਾਰ ਗੁਰਪ੍ਰੀਤ ਸਿੰਘ ਦੀ ਲਾਪਰਵਾਹੀ ਕਾਰਨ ਉਸੇ ਦੇ ਪਿਤਾ ਭਜਨ ਸਿੰਘ ਦੀ ਹਾਦਸੇ ਵਿੱਚ ਮੌਤ ਹੋਈ ਸੀ। ਉਹ ਆਪਣੇ ਪਿਤਾ ਭਜਨ ਸਿੰਘ ਨਾਲ ਮੋਟਰ ਸਾਈਕਲ 'ਤੇ ਜਾ ਰਿਹਾ ਸੀ ਤੇ ਮੋਟਰ ਸਾਈਕਲ ਗੁਰਪ੍ਰੀਤ ਸਿੰਘ ਹੀ ਚਲਾ ਰਿਹਾ ਸੀ। ਰਾਹ ਵਿੱਚ ਮੋਟਰ ਸਾਈਕਲ ਦੀ ਨੀਲ ਗਾਂ ਨਾਲ ਟੱਕਰ ਹੋਣ ਕਾਰਨ ਭਜਨ ਸਿੰਘ ਦੀ ਮੌਤ ਹੋ ਗਈ। ਪਰਵਾਰ ਨੇ ਗੁਰਪ੍ਰੀਤ ਸਿੰਘ ਦੇ ਖਿਲਾਫ ਹੀ ਕਲੇਮ ਪਟੀਸ਼ਨ ਦਾਇਰ ਕਰ ਦਿੱਤੀ ਸੀ। ਫੌਜ ਤੋਂ ਰਿਟਾਇਰ ਭਜਨ ਸਿੰਘ ਆਰਮੀ ਟ੍ਰਿਬਿਊਨਲ, ਚੰਡੀਮੰਦਰ ਦਾ ਸਕਿਓਰਿਟੀ ਗਾਰਡ ਸੀ। ਫੌਜੀ ਪੈਨਸ਼ਨ ਅਤੇ ਸਕਿਓਰਿਟੀ ਦੀ ਨੌਕਰੀ ਤੋਂ ਉਸ ਨੂੰ ਮਹੀਨੇ ਦੀ 36 ਹਜ਼ਾਰ ਰੁਪਏ ਇਨਕਮ ਹੁੰਦੀ ਸੀ। ਭਜਨ ਸਿੰਘ ਦੀ ਪਤਨੀ ਬਲਜਿੰਦਰ ਕੌਰ, ਬੇਟੀ ਪਲਵਿੰਦਰ ਕੌਰ ਅਤੇ ਮਾਂ ਜੋਗਿੰਦਰ ਕੌਰ ਨੇ 75 ਲੱਖ ਰੁਪਏ ਕਲੇਮ ਦੀ ਮੰਗ ਕੀਤੀ ਸੀ। ਗੁਰਪ੍ਰੀਤ ਸਿੰਘ ਪਹਿਲਾਂ ਕੋਰਟ ਵਿੱਚ ਪੇਸ਼ ਹੋਇਆ, ਪਰ ਬਾਅਦ ਵਿੱਚ ਆਉਣਾ ਬੰਦ ਕਰ ਦਿੱਤਾ। ਉਸ ਪਿੱਛੋਂ ਕੋਰਟ ਨੇ ਉਸ ਦੇ ਖਿਲਾਫ 16 ਅਗਸਤ ਨੂੰ ਐਕਸ-ਪਾਰਟੀ ਫੈਸਲਾ ਕਰ ਦਿੱਤੀ। ਪੰਜ ਮਈ ਨੂੰ ਗੁਰਪ੍ਰੀਤ ਸਿੰਘ ਅਤੇ ਭਜਨ ਸਿੰਘ ਚੰਡੀਮੰਦਰ ਤੋਂ ਆਪਣੇ ਪਿੰਡ ਅਮਲਾਲਾ ਜਾ ਰਹੇ ਸਨ। ਰਾਤ ਕਰੀਬ ਸਾਢੇ ਸੱਤ ਵਜੇ ਉਹ ਆਪਣੇ ਪਿੰਡ ਨੇੜੇ ਫਾਰੈਸਟ ਏਰੀਏ ਤੋਂ ਲੰਘ ਰਹੇ ਸਨ ਤਾਂ ਅਚਾਨਕ ਨੀਲ ਗਾਂ ਸੜਕ 'ਤੇ ਆ ਕੇ ਮੋਟਰ ਸਾਈਕਲ ਨਾਲ ਟਕਰਾ ਗਈ। ਦੋਸ਼ ਮੁਤਾਬਕ ਗੁਰਪ੍ਰੀਤ ਮੋਟਰ ਸਾਈਕਲ ਨੂੰ ਤੇਜ਼ ਰਫਤਾਰ ਅਤੇ ਲਾਪਰਵਾਹੀ ਨਾਲ ਚਲਾ ਰਿਹਾ ਸੀ ਜਿਸ ਕਾਰਨ ਉਹ ਮੋਟਰ ਸਾਈਕਲ 'ਤੇ ਕੰਟਰੋਲ ਨਹੀਂ ਕਰ ਸਕਿਆ।

# ਫੈਜ਼ਾਬਾਦ ਦਾ ਨਾਂਅ ਬਦਲਣ ਦਾ ਸ਼ੀਆ ਮੁਸਲਮਾਨਾਂ ਵੱਲੋਂ ਵਿਰੋਧ

*** ਸ਼ੀਆ ਬਾਦਸ਼ਾਹਾਂ ਦੇ ਸ਼ਹਿਰ ਦਾ ਨਾਂਅ ਯੋਗੀ ਕਿਵੇਂ ਬਦਲ ਸਕਦੈ: ਜਵਾਦ**



ਹਰਦੋਈ, ਉੱਤਰ ਪ੍ਰਦੇਸ਼, 11 ਨਵੰਬਰ, (ਪੋਸਟ ਬਿਊਰੋ)- ਸ਼ੀਆ ਮੁਸਲਮਾਨਾਂ ਦੇ ਪ੍ਰਮੁੱਖ ਧਰਮ ਗੁਰੂ ਕਲਬੇ ਜਵਾਦ ਨੇ ਫੈਜ਼ਾਬਾਦ ਜ਼ਿਲ੍ਹੇ ਦਾ ਨਾਂ ਅਯੁੱਧਿਆ ਕਰਨ ਉੱਤੇ ਇਤਰਾਜ਼ ਕਰਦੇ ਹੋਏ ਕਿਹਾ ਕਿ ਸ਼ੀਆ ਬਾਦਸ਼ਾਹਾਂ ਦੇ ਵਸਾਏ ਫੈਜ਼ਾਬਾਦ ਦਾ ਨਾਂ ਬਦਲਣ ਦਾ ਹੱਕ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਨਹੀਂ, ਜਿਸ ਨੇ ਸ਼ਹਿਰ ਵਸਾਇਆ, ਹੱਕ ਉਸ ਦਾ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਨਾਂ ਬਦਲਣ ਨਾਲ ਕੁਝ ਨਹੀਂ ਹੋਣ ਵਾਲਾ, ਲੋਕਾਂ ਨੂੰ ਨੌਕਰੀ ਤੇ ਰੋਟੀ ਦੀ ਲੋੜ ਹੈ। ਹਰਦੋਈ ਦੇ ਦੇਹਲੀਆ ਪਿੰਡ ਵਿੱਚ ਮਜਲਿਸ ਨੂੰ ਸੰਬੋਧਨ ਕਰਦੇ ਹੋਏ ਸ਼ੀਆ ਧਾਰਮਿਕ ਆਗੂ ਨੇ ਜਿਥੇ ਫੈਜ਼ਾਬਾਦ ਦਾ ਨਾਂ ਬਦਲਣ ਨੂੰ ਗ਼ਲਤ ਕਹਿ ਕੇ ਨਾਰਾਜ਼ਗੀ ਪ੍ਰਗਟ ਕੀਤੀ, ਉਥੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਤਾਰੀਫ਼ ਵੀ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੰਮ ਚੰਗਾ ਕਰ ਰਹੇ ਹਨ, ਪਰ ਜਿੰਨੀ ਆਸ ਸੀ, ਓਨਾ ਨਹੀਂ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨੋਟਬੰਦੀ ਨੂੰ ਚੰਗਾ ਦੱਸ ਕੇ ਇਸ ਧਾਰਮਿਕ ਗੁਰੂ ਨੇ ਕਿਹਾ ਕਿ ਕਾਲਾ ਧਨ ਕਢਵਾਉਣ ਦੀ ਉਨ੍ਹਾਂ ਦੀ ਨੀਤ ਸਹੀ ਸੀ, ਪਰ ਲਾਈਨ ਵਿੱਚ ਲੱਗ ਕੇ ਮੌਤਾਂ ਹੋਣਾ ਅਫਸੋਸਨਾਕ ਸੀ। ਸ਼ੀਆ ਸੈਂਟਰਲ ਬੋਰਡ ਦੇ ਚੇਅਰਮੈਨ ਵਸੀਮ ਰਿਜ਼ਵੀ ਵੱਲੋਂ ਰਾਮ ਮੰਦਰ ਉਸਾਰੀ ਬਾਰੇ ਦਿੱਤੇ ਬਿਆਨਾਂ ਉੱਤੇ ਧਰਮ ਗੁਰੂ ਕਲਬੇ ਜਵਾਦ ਨਾਰਾਜ਼ ਹੋ ਕੇ ਬੋਲੇ ਕਿ ਰਿਜ਼ਵੀ ਨੂੰ ਸ਼ੀਆ ਧਰਮ ਤੋਂ ਬੇਦਖਲ ਕੀਤਾ ਪਿਆ ਹੈ, ਉਹ ਸ਼ੀਆ ਲੋਕਾਂ ਵੱਲੋਂ ਕਿਵੇਂ ਕੁਝ ਕਹਿ ਸਕਦਾ ਹੈ। ਉਨ੍ਹਾਂ ਵਸੀਮ ਰਿਜ਼ਵੀ ਦੇ ਉਸ ਬਿਆਨ ਦਾ ਵੀ ਮਜ਼ਾਕ ਉਡਾਇਆ, ਜਿਸ ਵਿਚ ਉਨ੍ਹਾਂ ਨੇ ਸੁਪਨੇ ਵਿੱਚ ਰਾਮ ਨੂੰ ਦੇਖਣ ਦੀ ਗੱਲ ਕਹੀ ਸੀ।

## ਪੰਜਾਬੀ ਪਰਵਾਸੀ ਦੀ ਮੌਤ ਦੇ ਕੇਸ ਵਿੱਚ ਪੁਲਸ ਅਫਸਰ ਨੂੰ ਸਜ਼ਾ



ਲੰਡਨ, 11 ਨਵੰਬਰ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਭਾਰਤੀ ਮੂਲ ਦੇ ਪੰਜਾਬੀ ਕਾਰੋਬਾਰੀ ਬਲਵਿੰਦਰ ਸਿੰਘ ਦੀ ਹਾਦਸੇ ਵਿੱਚ ਮੌਤ ਦੇ ਕੇਸ ਵਿੱਚ ਇੱਕ ਪੁਲਸ ਅਧਿਕਾਰੀ ਨੂੰ 18 ਮਹੀਨੇ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ।

ਇਹ ਘਟਨਾ ਦਸੰਬਰ 2016 ਵਿੱਚ ਉਸ ਸਮੇਂ ਹੋਈ ਸੀ ਜਦੋਂ ਵੁਲਵਰਹੈਂਪਟਨ ਸ਼ਹਿਰ 'ਚ ਬਲਵਿੰਦਰ ਸਿੰਘ ਦੀ ਕਾਰ ਨੂੰ ਸਟੈਫੋਰਡਸ਼ਾਇਰ ਦੇ ਪੁਲਸ ਅਧਿਕਾਰੀ ਜੈਸਨ ਬੈਨਿਸਟਰ ਦੀ ਕਾਰ ਨੇ ਸਾਹਮਣੇ ਤੋਂ ਟੱਕਰ ਮਾਰ ਦਿੱਤੀ ਸੀ। 59 ਸਾਲਾ ਬਲਵਿੰਦਰ ਸਿੰਘ ਨੂੰ ਹਸਪਤਾਲ ਪਹੁੰਚਾਇਆ ਗਿਆ, ਪਰ ਬਾਅਦ ਵਿੱਚ ਉਨ੍ਹਾਂ ਦੀ ਮੌਤ ਹੋ ਗਈ। ਹਾਦਸੇ ਸਮੇਂ ਬੈਨਿਸਟਰ ਡਿਊਟੀ ਉੱਤੇ ਨਹੀਂ ਸੀ। ਬ੍ਰਿਟਿਸ਼ ਮੀਡੀਆ ਮੁਤਾਬਕ ਬਰਮਿੰਘਮ ਕਰਾਊਨ ਕੋਰਟ ਨੇ ਸ਼ੁੱਕਰਵਾਰ ਬੈਨਿਸਟਰ ਨੂੰ 18 ਮਹੀਨੇ ਜੇਲ੍ਹ ਦੀ ਸਜ਼ਾ ਸੁਣਾਈ ਹੈ। ਉਸ ਨੇ ਸਤੰਬਰ ਵਿੱਚ ਕੋਰਟ ਵਿੱਚ ਇਹ ਜੁਰਮ ਸਵੀਕਾਰ ਕੀਤਾ ਸੀ ਕਿ ਉਸ ਦੀ ਖਤਰਨਾਕ ਡਰਾਈਵਿੰਗ ਕਾਰਨ ਬਲਵਿੰਦਰ ਸਿੰਘ ਦੀ ਜਾਨ ਗਈ ਹੈ। ਖਤਰਨਾਕ ਡਰਾਈਵਿੰਗ ਨਾਲ ਮੌਤ ਦਾ ਕਾਰਨ ਬਣਾਉਣ ਦੇ ਦੋਸ਼ ਵਿੱਚ ਇਸ ਸਾਲ ਦੇ ਸ਼ੁਰੂ 'ਚ ਇਹ ਕੇਸ ਸ਼ੁਰੂ ਕੀਤਾ ਗਿਆ ਸੀ। ਬੈਨਿਸਟਰ ਤਿੰਨ ਸਾਲ ਨੌਂ ਮਹੀਨੇ ਤੱਕ ਡਰਾਈਵਿੰਗ ਵੀ ਨਹੀਂ ਕਰ ਸਕੇਗਾ। ਉਸ ਦੀ ਸਟੈਫੋਰਡਸ਼ਾਇਰ ਪੁਲਸ ਤੋਂ ਸਸਪੈਂਸ਼ਨ ਵੀ ਰਹੇਗੀ। ਸਟੈਫੋਰਡਸ਼ਾਇਰ ਪੁਲਸ ਨੇ ਕਿਹਾ ਕਿ ਕੋਰਟ ਦਾ ਫੈਸਲਾ ਆਉਣ ਪਿੱਛੋਂ ਬੈਨਿਸਟਰ ਖਿਲਾਫ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

# ਪਰਾਲੀ ਦੇ ਧੂੰਏਂ ਕਾਰਨ ਸੜਕ ਉੱਤੇ ਖੜ੍ਹੇ ਟਰੈਕਟਰ-ਟਰਾਲੀ ਨਾਲ ਮੋਟਰ ਸਾਈਕਲ ਵੱਜਾ, ਇੱਕ ਦੀ ਮੌਤ




ਸੰਗਤ ਮੰਡੀ, 11 ਨਵੰਬਰ (ਪੋਸਟ ਬਿਊਰੋ)- ਪਿੰਡ ਜੈ ਸਿੰਘ ਵਾਲਾ ਤੋਂ ਗੁਰੂਸਰ ਸੈਣੇਵਾਲਾ ਸੜਕ ਉਤੇ ਇੱਕ ਕਿਸਾਨ ਵੱਲੋਂ ਪਰਾਲੀ ਨੂੰ ਲਾਈ ਅੱਗ ਨਾਲ ਇੱਕ ਨੌਜਵਾਨ ਦੀ ਮੌਤ ਹੋ ਗਈ। ਧੂੰਏਂ ਕਾਰਨ ਨੌਜਵਾਨ ਦਾ ਮੋਟਰ ਸਾਈਕਲ ਸੜਕ ਵਿਚਾਲੇ ਖੜ੍ਹੇ ਟਰੈਕਟਰ-ਟਰਾਲੀ ਨਾਲ ਵੱਜ ਕੇ ਜ਼ਖਮੀ ਹੋਇਆ ਤੇ ਹਸਪਤਾਲ ਵਿੱਚ ਮੌਤ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ ਦੁਪਹਿਰ ਸਮੇਂ ਇੱਕ ਕਿਸਾਨ ਨੇ ਪਰਾਲੀ ਨੂੰ ਅੱਗ ਲਾਈ ਹੋਈ ਸੀ। ਇਸੇ ਮੌਕੇ ਸਕੂਲ ਤੋਂ ਛੁੱਟੀ ਹੋਣ ਕਾਰਨ ਬੱਚਿਆਂ ਦੀ ਭਰੀ ਵੈਨ ਪਿੰਡ ਗੁਰੂਸਰ ਸੈਣੇਵਾਲਾ ਦੇ ਬੱਚਿਆਂ ਨੂੰ ਛੱਡਣ ਚੱਲੀ ਸੀ। ਪਰਾਲੀ ਨੂੰ ਅੱਗ ਲਾਉਣ ਕਾਰਨ ਸੜਕ 'ਤੇ ਧੂੰਏਂ ਦਾ ਗੁਬਾਰ ਬਣਿਆ ਹੋਇਆ ਸੀ, ਪਰ ਵੈਨ ਡਰਾਈਵਰ ਨੇ ਜਦ ਵੈਨ ਧੂਏਂ ਵਿੱਚੋਂ ਕੱਢਣ ਦੀ ਕੋਸ਼ਿਸ਼ ਕੀਤੀ ਤਾਂ ਅੱਗੇ ਕੁਝ ਦਿਖਾਈ ਨਾ ਦੇਣ 'ਤੇ ਵੈਨ ਖੇਤਾਂ ਵਿੱਚ ਉਤਰ ਗਈ। ਪਿੱਛਿਓਂ ਝੋਨੇ ਨਾਲ ਭਰੀ ਟਰਾਲੀ ਆ ਰਹੀ ਸੀ। ਜਦ ਟਰੈਕਟਰ ਚਾਲਕ ਨੇ ਅੱਗੇ ਖੇਤ ਵਿੱਚ ਵੈਨ ਨੂੰ ਦੇਖਿਆ ਤਾਂ ਉਹ ਟਰੈਕਟਰ ਟਰਾਲੀ ਨੂੰ ਸੜਕ 'ਤੇ ਖੜਾ ਕਰ ਕੇ ਵੈਨ ਚਾਲਕ ਦੀ ਮਦਦ ਕਰਨ ਲੱਗ ਪਿਆ। ਇਸ ਦੌਰਾਨ ਮੋਟਰ ਸਾਈਕਲ 'ਤੇ ਆਪਣੇ ਖੇਤ ਜਾਂਦੇ ਗੁਰਪ੍ਰੀਤ ਸਿੰਘ (20) ਪੁੱਤਰ ਅਮਰਜੀਤ ਸਿੰਘ ਦਾ ਮੋਟਰ ਸਾਈਕਲ ਸੜਕ 'ਤੇ ਖੜ੍ਹੀ ਟਰੈਕਟਰ ਟਰਾਲੀ ਨਾਲ ਜਾ ਵੱਜਾ। ਇਸ ਹਾਦਸੇ ਵਿੱਚ ਗੁਰਪ੍ਰੀਤ ਸਿੰਘ, ਜੋ ਤਿੰਨ ਭੈਣਾਂ ਦਾ ਇਕਲੌਤਾ ਭਰਾ ਸੀ, ਗੰਭੀਰ ਜ਼ਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਬਠਿੰਡਾ ਲਿਜਾਇਆ ਗਿਆ, ਓਥੇ ਉਸ ਦੀ ਮੌਤ ਹੋ ਗਈ।

# ਪੁੱਤਰ ਦੀ ਤਲਾਕ ਦੀ ਅਰਜ਼ੀ ਨੇ ਲਾਲੂ ਪਰਿਵਾਰ ਵਿੱਚ ਤਮਾਸ਼ਾ ਬਣਾ ਧਰਿਆ



ਪਟਨਾ, 11 ਨਵੰਬਰ (ਪੋਸਟ ਬਿਊਰੋ)- ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਦੇ ਪੁੱਤ ਤੇਜ ਪ੍ਰਤਾਪ ਵੱਲੋਂ ਦਿੱਤੀ ਗਈ ਤਲਾਕ ਦੀ ਅਰਜ਼ੀ ਨੇ ਇਸ ਪਰਵਾਰ ਦਾ ਤਮਾਸ਼ਾ ਬਣਾ ਦਿੱਤਾ ਹੈ। ਲਾਲੂ ਦੇ ਪਰਵਾਰ ਵਿੱਚ ਹਫਤੇ ਬਾਅਦ ਵੀ ਵਿਵਾਦ ਉੱਤੇ ਬਰੇਕ ਲੱਗਦੀ ਨਹੀਂ ਦਿੱਸ ਰਹੀ। ਲਾਲੂ ਖੁਦ ਜੇਲ੍ਹ ਵਿੱਚ ਹਨ ਤੇ ਰਾਬੜੀ ਦੇਵੀ ਚੁੱਪ ਹੈ।

